1466 — 3-1-22

1050/੧੫

੧ ੴ ਸਤਿਗੁਰਪ੍ਰਸਾਦਿ ॥

185-

ਨਾਟਕ

# ਅਕਾਲੀ ਬੀਰ ॥

ਸੰਮਿਲਤ ਦੋ ਹਿੱਸੇ

## ਕਵੀ ਦਰਬਾਰ

L.B.7/82

ਲੀ ਅਖ਼ਬਾਰ ਲਿਮਿ:

2220

NATIONAL ARCHIVE LIBRARY
No. 2220
Date
GOVT. OF INDIA

# ਭੂਮਕਾ

ਇਹ ਗਲ ਮੰਨੀ ਗਈ ਹੈ ਕੇ ਵਾਰਾਂ, ਕਵਿਤਾ, ਰਾਗ ਆਦਿਕ ਵਿਚ ਕਹੀਆਂ ਗਲਾਂ ਇਨਸਾਨਤੇਜ਼ਿਆਦਾ ਅਸਰ ਕਰਦੀਆਂ ਹਨ ਫੇਰ ਉਹ ਕਵਿਤਾ ਜਿਨਾਂ ਵਿਚ ਕਾਮ ਰਸ, ਜੰਗੀ ਸਪਿਰਟ ਦੇ ਜੋਸ਼ ਤੇ ਵਲਵਲੇ ਕੌਮੀ ਆਣ ਤੇ ਸ਼ਾਨ ਦੇ ਨਜ਼ਾਰੇ ਭਰੇ ਹੋਣ ਇਕ ਖਾਸ ਅਸਰ ਪੈਦਾ ਕਰਦੀਆਂ ਹਨ। ਅੱਜ ਕਲ ਧਾਰਮਕ, ਗੁਰਦੁਆਰਾ ਸੁਧਾਰ ਲੈਹਰ ਅਕਾਲੀ ਤੈਹਰੀਕ, ਤੇ ਰਾਜਸੀ ਮੁਆਮਲਿ-ਆਂ ਵਲ ਲੋਕਾਂ ਦੀ ਰੁਚੀ ਬੜੀ ਵਧ ਗਈ ਹੈ। ਇਸਨੂੰ ਪੱਕਿਆਂ ਤੇ ਪੁਰਅਸਰ ਕਰਨ ਵਾਸਤੇ ਜਰੂਰੀ ਸੀ ਕੇ ਵਡੇ ੨ ਸਿਆਣਿਆਂ ਤੇ ਕਵੀਆਂ ਦੇ ਖਿਆਲ ਲੋਕਾਂ ਨੂੰ ਦਸੇਜਾਣ ਇਨਾਂ ਖਿਆਲਾਂ ਨੂੰ ਮੁਖ ਰਖਕੇ ਕੁਛ ਚਿਰ ਹੋਇਆ ਹੈ ਤਾਂ ਅਕਾਲੀ ਗੂੰਜ ਦਾ ਪੈਹਲਾ

ਹਿਸਾ ਛਾਪਿਆ ਗਿਆ ਸੀ ਜੋ ਪ੍ਰੇਮੀਆਂ ਨੇ ਹਥੋ ਹਥ ਲੈ ਲਿਆ ਤੇ ਬੇਓੜਕੇ ਪ੍ਰੇਮੀਆਂ ਦੀ ਮੰਗ ਪੂਰੀ ਨਾ ਹੋਸਕੀ, ਇਸ ਲਈ ਇਸ ਵਾਰ ਦੋਵੇਂ ਹਿਸੇ ਮੁਕੰਮਲ ਕਰਕੇ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਹਨ। ਉਮੈਦ ਹੈ ਆਪ ਇਸ ਤੋਂ ਲਾਭ ਉਠਾਓਗੇ, ਕੁਝ ਸਮੇ ਤਕ ਇਸੇ ਤਰਾਂ ਦਾ ਇਕ ਹੋਰ ਪੁਸਤਕ ਜਿਸਵਿਚ ਗੁਰੂ ਸਾਹਿਬਾਂ ਤੇ ਸ਼ਹੀਦਾਂ ਸਿੰਘਾਂ ਦੇ ਪ੍ਰਸੰਗ ਇਸੇ ਤਰਜ਼ ਵਿਚ ਹੋਣਗੇ ਛਾਪਿਆ ਜਾਵੇਗਾ।

ਦਾਸ ਪ੍ਰਤਾਪ ਸਿੰਘ ਸੁੰਦਰ ਸਿੰਘ

# ਮਜ਼ਮੂਨਾਂ ਦਾ ਵੇਰਵਾ


| ਆਸ਼ਾ | ਪੰਨਾ |
|---|---|
| ਗੁਰੂ ਨਾਨਕ (ਕੋਮਾ ਗਾਟਾ ਮਾਰੂ) ਜ਼ਹਾਜ਼ ਤੇ ਬਾਬਾ ਗੁਰਦਿਤ ਸਿੰਘ | ੧ ਤੋਂ ੯ |
| ਸਾਕਾ ਤਰਨ ਤਾਰਨ ਸਾਹਿਬ | ੯ ਤੋਂ ੧੯ |
| ਸਾਕਾ ਨਨਕਾਣਾ ਸਾਹਿਬ | ੨੦ ਤੋਂ ੪੬ |
| ਕੈਦੀ ਪ੍ਰਵਾਰ ਸਹਾਇਤਾ | ੪੭ |
| ਜੇਹਲਾਂ ਦੇ ਕੈਦੀ, ਜੇਲ ਯਾਤ੍ਰਾ | ੪੯ ਤੋਂ ੬੮ |
| ਡਾਇਰ ਤੇ ਮਾਰਸ਼ਲ ਲਾ, ਹੰਟਰ ਰਪੋਟ ਰਾਜਸੀ ਕਵਿਤਾ ਮੁਤਫਰਕ ਕੌਂਸਲਾਂ ਦੀ ਮੈਂਬਰੀ | ੬੯ ਤੋਂ ੧੪੮ |
| ਅਕਾਲੀ ਅਖਬਾਰ | ੧੪੮ ਤੋਂ ੧੫੦ |
| ਸਤਿਗੁਰ ਜੀ ਦੀ ਯਾਦ | ੧੫੧ ਤੋਂ ੧੬੦ |
| ਸ੍ਵਦੇਸ਼ੀ ਗੀਤ ਚਰਖਾ-ਸ਼ਹੀਦੀ ਗੀਤ ਵਤਨ ਦਾ ਗੀਤ-ਦੇਸ਼ ਸੇਵਾ | ੧੬੦ ਤੋਂ ੨੦੦ |

ਕਵੀ ਦਰਬਾਰ ਦੀਆਂ ਇਨਾਮੀ
ਕਵਿਤਾਂ ੨੦੦ ਤੋਂ ੨੧੭
ਕਿਰਪਾਨ, ਦਾੜ੍ਹਾ ੨੧੮ ਤੋਂ ੨੨੧
ਮੁਤਫਰਕ ੨੨੩ ਤੋਂ ੨੫੫

# ਕਵੀਆਂ ਦੇ ਨਾਮ

ਜਿਨਾਂ ਦੀਆਂ ਕਵਿਤਾਂ ਇਸ ਵਿਚ ਦਰਜ ਹਨ

(੧) ਭਾਈ ਬਿਸਰਾਮ ਸਿੰਘ ਜੀ ਗਿਆਨੀ
(੨) ਸ: ਮਾਹ ਸਿੰਘ ਜੀ ਸਿਆਲ ਕੋਟ
(੩) ਕਵੀਰਾਜ ਭਾਈ ਸੰਤੋਖ ਸਿੰਘ ਜੀ
(੪) "ਰਾਹੀ"
(੫) ਗਿਆਨੀ ਹੀਰਾ ਸਿੰਘ ਜੀ 'ਦਰਦ'
(੬) ਗੁਰਬੁਧ ਕੌਰ ਰਾਜਾ ਸਾਂਸੀ
(੭) ਭਾਈ ਅਮਰ ਸਿੰਘ ਜੀ ਖੋੜੀ
(੮) ਭਾਈ ਕਰਮ ਸਿੰਘ ਜੀ ਕੁਆਲਾ ਲੰਪੁਰ
(੯) ਭਾਈ ਗੋਪਾਲ ਸਿੰਘ ਈਚੋ ਗਿਲ
(੧੦) ਸ੍ਰੀਮਾਨ "ਜ਼ਿੰਦਾ ਸ਼ੇਰ"

(੧੧) ਮਾਸਟ੍ਰ ਸੁੰਦ੍ਰਸਿੰਘ ਜੀ ਲਾਇਲ ਪੁਰੀ
(੧੨) ਸ੍ਰੀਮਾਨ "ਹੁਲਾਸ"
(੧੩) ਭਾਈ ਮੁਕੰਦ ਸਿੰਘ ਜੀ ਗੁਜਰ ਖਾਨ
(੧੪) ਭਾਈ ਮੋਹਨ ਲਾਲ ਜੀ ਦੀਵਾਨਾ
(੧੫) ਭਾਈ ਦਿਆਲ ਸਿੰਘ ਜੀ ਲਾਹੌਰ
(੧੬) ਭਾਈ ਨਿਹਾਲ ਸਿੰਘ ਜੀ ਅਮ੍ਰਿਤਸਰ
(੧੭) ਸ੍ਰ: ਨਰੈਣਸਿੰਘ 'ਭਾਨ' ਗੁਜਰਖਾਨ
(੧੮) ਸ੍ਰੀਮਾਨ "ਸਿਖ ਹਿਰਦਾ"
(੧੯) ਭਾ: ਰਵੇਲ ਸਿੰਘ ਸਰਾਏਔਰੰਗਾਬਾਦ
(੨੦) ਭਾ: ਗਜਾਨਸਿੰਘ ਗ: ਗੁਜਰਾਂਵਾਲਾ
(੨੧) ਭਾਈ ਹਰਨਾਮ ਸਿੰਘ ਜੀ
(੨੨) ਭਾਈ ਪ੍ਰੇਮ ਸਿੰਘ ਗੁਮਟਾਲਾ
(੨੩) ਸ੍ਰੀਮਾਨ "ਰਮਤਾ"
(੨੪) ਭਾਈ ਨਰਿੰਜਨ ਸਿੰਘ ਗੁਜਰਾਂਵਾਲਾ
(੨੫) ਭਾਈ ਸੂਰਤਸਿੰਘ ਖਾਲਸਾ ਕਾਲਜ
(੨੬) ,, ਊਤਮ ਸਿੰਘ ਗੜ੍ਹ
(੨੭) ,, ਨਾਨਕਸਿੰਘ ਗੋਰਸੀਆ

(੨੮) ,, ਗੁਰਮੁਖ ਸਿੰਘ ਬਸਾਲੀ
(੨੯) ,, ਜਗਤ ਸਿੰਘ ਲਾਇਲਪੁਰ
(੩੦) ,, ਕਿਸ਼ਨ ਸਿੰਘ ਦਰਦੀ
(੩੧) ,, ਅਛਰ ਸਿੰਘ ਜੀ ਪ੍ਰੇਮ
(੩੨) ਸ: ਅਮਰਸਿੰਘ ਜੀ ਸਫਦਰਗੋਜਰਾ
(੩੩) ,, ਹਰਨਾਮਸਿੰਘ ਜੀ ਰਾਗੀ
(੩੪) ,,ਹਰਦਿਤਸਿੰਘਜੀ ਗ੍ਰੀ: ਖਿਜਰਾਬਾਦ
(੩੫) ਸ੍ਰੀਮਾਨ "ਬਿਰਹਾ"
(੩੬) ਭਾਈ ਤਾਰਾ ਸਿੰਘ ਜੀ ਸੱਜਦ
(੩੭) ,, ਤੇਜਾ ਸਿੰਘ ,, ਹਜ਼ੂਰੀਆ
(੩੮) ਸ: ਸਿੰਘ ਕਲਕਤਾ
(੩੯) ਭ: ਅਰਜਨਸਿੰ ਰਾਗੀ ਘੜਿਆਲ
(੪੦) ਸ੍ਰ: ਝੰਡਾ ਸਿੰਘ ਜੀ ਫੀਰੋਜ਼ਪੁਰ
(੪੧) ,, ਮਨੋਰਥ ਸਿੰਘ ਕਲਕਤਾ
(੪੨) ,, ਹੁਕਮ ਸਿੰਘ ਜੀ ਫਰੀਦਕੋਟ
(੪੩) ਡਾ: ਮਹੀਮਦ ਸਾਹਿਬ ਸ੍ਰਗੋਧਾ
(੪੪) ਸ੍ਰ: ਰਘਬੀਰਸਿੰਘ ਜੀ ਬੀ, ਏ,

(੪੫) ਸ੍ਰ: ਉਤਮ ਸਿੰਘ ਜੀ
(੪੬) ,, ਸਾਧੂ ਸਿੰਘ ਜੀ ਗਿਆਨੀ
(੪੭) ,, ਗੁਰਮੁਖ ਸਿੰਘ ਜੀ ,,
(੪੮) ,, ਠਾਕਰ ਸਿੰਘ ਜੀ
(੪੯) ਸ੍ਰੀਮਾਨ "ਵਿਸਮਾਦ" ਜੀ
(੫੦) ,, ਇਕ ਫੌਜੀ ਸਿੰਘ
(੫੧, ਭਾਈ ਖਜ਼ਾਨ ਸਿੰਘ ਜੀ ਗਿਆਨੀ
(੫੨) ਸ੍ਰੀਮਾਨ "ਦੁਖਤ ਹਿਰਦਾ"

੧

# ਤਤਕਰਾ


| ਮਜ਼ਮੂਨ | ਸਫ਼ਾ |
|---|---|
| ਕੌਮੀ ਆਣ ਦੇ ਖਾਕੇ ਬਾਣ ਸੀਨੇ | ੧ |
| ਤਾਰਾ ਕਹਾਂ ਚੰਦ ਕਹਾਂ | ੨ |
| ਕੌਮਾ ਗਾਟਾ ਜਦੋਂ ਗੈਰ ਮੁਲਕ ਵਲੋਂ | ੫ |
| ਧਰਮ ਰਾਇ ਜਦ ਖੋਲ ਹਿਸਾਬ | ੭ |
| ਗੁਰਦੁਆਰ ਸਤਿਗੁਰੂ ਦੇ | ੮ |
| ਭਾਵੇਂ ਕਿਤਨਾ ਜ਼ੋਰ ਲਗਾਓ ਲੋਕੋ | ੨੦ |
| ਲੱਗ ਗਿਆ ਤੀਰ ਮੇਰੇ ਕਾਲਜੇ | ੨੧ |
| ਛਮਾ ਛਮ ਜਲ ਨਹੀਂ ਠਲਦਾ ਹੈ | ੨੪ |
| ਜਾਨਾਂ ਵਾਰ ਬਚਾਯਾ ਹੈ ਰਾਜ | ੨੫ |
| ਅਸਾਂ ਸਮਝਿਆ ਦੋ ਸੌ ਕੁਰਬਾਨ | ੨੬ |
| ਪਿਆਰੇ ਵੀਰਾਂ ਨੇ ਧਰਮ ਦੀ ਆਨ | ੨੭ |
| ਸੋਹਣੇ ਵਤਨ ਤੋਂ ਲਾਲ ਸ਼ਹੀਦ | ੨੯ |
| ਕੁਠੇ ਗਏ ਜਿਥੇ ਸਾੜ ਵੀਰ | ੩੧ |
| ਗੁਰੂ ਪੰਥ ਨਨਕਾਣੇ ਤੂੰ ਪੌਂਚ | ੩੧ |

ਆਖੇ ਕੌਣ ਦੇ ਦਿਲ ਹੈ ਮੋਮ ੩੨
ਵੇਖੀ ਅਜਬ ਦੋਰੰਗੀ ਦੀ ਚਾਲ ੩੪
ਜਿਥੇ ਹੋਂਵਦੇ ਸੀ ਕਦੇ ਪਾਪ ੩੬
ਜਿਸ ਕੌਮ ਦੇ ਦੋ ਸੌ ਸ਼ਹੀਦ ੩੯
ਸਾਕੇ ਨਨਕਾਣੇ ਵਿਚ ਵੀਰਾਂ ਨੂੰ ਜਲਾਯਾ ੩੯
ਹਤਿਆਰਿਆ ਡਰੀਂ ਵੇ ਰਬ ੪੧
ਸੈਆਂ ਕੋਹਾਂ ਤੇ ਜਾ ਫਰਿਆਦ ੪੩
ਜਿਸਦੇ ਵਾਸਤੇ ਛਡਕੇ ਪੁਤ ਧੀਆਂ ੪੪
ਪਿਆਰੇ ਵੀਰੋ ਕੰਘੀ ਮਾਰੋ ੪੬
ਪੰਥ ਖਾਲਸਾ ਬੀਰ ਤੇ ਲੱਖ ਦਮੜਾ ੪੬
ਬੁਲਬੁਲ ! ਬਾਗ ਦੀ ਕਾਹਨੂੰ ਉਦਾਸ ੪੯
ਆਓ ਵਸੀਏ ਜੇਹਲ ਵਿਚ ੪੯
ਬੋਲ ਮਰਦਾਨਿਆ ਸਤਿ ਕਰਤਾਰ ੫੦
ਸਾਡੇ ਵੀਰ ਪਏ ਜੇਲਾਂ ਦੇ ਵਿਚ ਰੁਲਦੇ ੫੨
ਸੈਆਂ ਕੋਹਾਂ ਤੇ ਜਾ ਫਰਿਆਦ ੫੩
ਛੱਡੀ ਛੋੜ ਮਹਾਰਾਜ ਹੈ ਗੁਰੂ ੫੪

| | |
|---|---|
| ਮੈਂ ਕੁਰਬਾਨ ਕੁਰਬਾਨੀਆਂ ਕੀਤੀਆਂ | ੫੪ |
| ਮਾਰੂ ਥਲਾਂ ਵਿਚ ਹਾਇ ਦੁਪਹਿਰ | ੫੫ |
| ਠੰਡੀ ਪੌਣ ਪੁਰੇ ਦੀ ਪਿਆਰੀ | ੫੬ |
| ਹਾਲ ਆਪਣਾ ਦਸੀਏ ਜਾ ਕਿਥੇ | ੫੮ |
| ਬੀਰ ਖਾਲਸਾ ਵੀਰ ਤੁਸਾਡੜੇ ਜੀ | ੬੦ |
| ਹੋਇਆ ਕੀ ਜੇ ਦੁਖੜੇ ਪਏ ਸਿਰਤੇ | ੬੨ |
| ਮੇਰੇ ਪਿਆਰਿਓ ਗੁਰੂ ਦੁਲਾਰਿਓ | ੬੩ |
| ਵਾਹ ਵਾਹ ਸਿਰਜਨ ਹਾਰ ਪ੍ਰਭੂ | ੬੫ |
| ਤੁਸਾਂ ਭੁਖੋ ਪਹਾੜਾਂ ਦੀ ਵਾਉ ਠੰਡੀ | ੬੭ |
| ਮੇਰੇ ਮਾਲਕਾ ਦਸ ਦੇਹ ਹੱਦ ਕੋਈ | ੬੮ |
| ਸਦਾ ਦੁਖ ਨ ਕਿਸੇ ਦੇ ਤਈਂ ਪੀੜਨ | ੭੦ |
| ਅਸੀ ਸਾਂਤ ਪ੍ਰਿਯ ਅਮਨ ਪਸੰਦ | ੭੨ |
| ਸਾਡਾ ਦੇਸ਼ ਖੋਹਿਆ ਪਹਿਲੇ ਜੋਰਜੋਰੀ | ੭੫ |
| ਸੋਹਣੇ ਪੰਜ ਦਰਿਆਵਾਂ ਦੇ ਹੁੰਦਿਆਂ | ੭੭ |
| ਛੱਡ ਦਿਓ ਕੌਂਸਲਾਂ ਏ | ੮੦ |
| ਵਿਤੋਂ ਵਧ ਕੇ ਕੀਤੀਆਂ ਭੇਟ ਜਾਨਾਂ | ੮੧ |
| ਉਠੋ ਸ਼ੇਰੋ ਪਾਸਾ ਪਰਤੋ | ੮੬ |

ਜਿਨਾਂ ਕੌਮਾਂ ਨੇ ਰਾਜ਼ ਦੇ ਸੁਖ ਮਾਣੇ ੮੯
ਡਾਇਰ ਕਸਾਈ ਵਰਸਾਈ ੯੦
ਯੂਰਪ ਦੇ ਜੰਗ ਵਿਚ ਜਿਤਿਆ ਹੈ ੯੨
ਹਿੰਦ ਮਾਲ ਬਦੇਸ਼ੀ ਜੇ ਲੁਟ ੯੩
ਆਇਆ ਗਾਂਧੀ ਦਾ ਫੁਰਮਾਨ ਕੁੜੇ ੯੫
ਦਿਲਾ ਮਸਤ ਹੋਕੇ ਪੀਕੇ ਪ੍ਰੇਮ ੯੮
ਸ਼ਕਲ ਵੇਖਕੇ ਅਕਲ ਭੁਲ ਗਈ ੯੯
ਹਰਇਕ ਆਖਦਾਮੂਲਕਪਜਾਰਨੇ ਮੈਨੂੰ੧੦੨
ਮੰਗਣਾ ਪਾਪਾਂ ਦਾ ਨਾਂ ਸਬੂਤ ਸਾਥੋਂ ੧੦੫
ਸੁਣੋ ਗੋਰਿਓ ਕਰੋ ਅਭਿਮਾਨ ਨਾਹੀਂ ੧੦੯
ਹਾਏ ਹੋਣੀ ਨੇ ਕੈਹਰ ਦੀ ਅੱਤ ਚਾਈ ੧੧੦
ਤੇਰੀ ਚਰਖਿਆ ਡਾਢੀ ਘੁਮਘਾਰ ੧੧੧
ਭੈੜੀ ਬਿਦਿਆ ਇਸ ਵਿਦੇਸ਼ੀਆਂ ਦੀ ੧੧੨
ਤੇਰੀ ਬਣੀ ਰਪੋਟ ਨੂੰ ਫੋਲ ਡਿਠਾ ੧੧੪
ਸੁਣਿਆਂ ਅਸਾਂ ਨੇ ਏਸ ਜਹਾਨ ਅੰਦਰ ੧੧[illegible]
ਹੋਯਾ ਕੀ ਆ ਦੇਸ ਪੰਜਾਬ ਸਿੰਘਾਂ ੧੧੭
ਖੜਗ ਚਮਕਦਾਂ ਜਦੋਂ ਵੈਰੀਆਂ ਦੀ ੧੧੯


13

ਬਲਦੀ ਅੱਗਥੀਂ ਕੀਂਵਆ ਭੁੱਲ ਕੀਤੀ ੧੧੯
ਯਾਰੋ ਉਸ ਨੂੰ ਜਾਕੇ ਕਹੇ ਕੋਈ ੧੨੨
ਤੇਰੀ ਮਰਹਮ ਨਾਲੋਂ ਤਿਖੇ ਤੀਰ ਚੰਗੇ ੧੨੩
ਵਫ਼ਾ ਖ਼ੂਬ ਹੈ ਸੌ ਤੇ ਚਾਰਚਾਲੀ ੧੧੪
ਲੰਮੀਆਂ ਦਾੜ੍ਹੀਆਂ ਬੀਬੀਆਂ ਪਗਾਂ ੧੨੬
ਘਰ ਸਾਡੇ ਵਿਚ ਆਏ ਪ੍ਰਾਹੁਣੇ ੧੨੯
ਲੁਕ ਲੁਕ ਬੈਠ ਜੀ ਹਜ਼ੂਰੀਏ ਕਰਨ ੧੩੦
ਇਕ ਆਨਰੇਬਲ ਨੇ ਰੋਣਹਾਕਾ ੧੩੩
ਮੈਂਬਰ ਕੌਮ ਨੂੰ ਲੋੜ ਨਾ ਮੂਲ ੧੩੭
ਦੂਰ ਹੋਈ ਬੀਰਤਾ ਤੇ ੧੩੮
ਸਿਖ ਮੈਂਬਰੋ ਕੁਰਸੀਆਂ ਛੱਡ ੧੪੦
ਫਿਟ ਲਾਨਤਾਂ ਉਨਾਂ ਭੜਭੂੰਜਿਆਂ ਤੇ ੧੪੧
ਪਸ਼ੂ ਪੰਛੀਆਂ ਦਾ ਕੇਰਾਂ ਜੰਗ ੧੪੨
ਉਧਰ ਆਕੜ ਭਰੇ ਗੋਰੇ ੧੪੫
ਭੋਂਦੂ ਅਜੇ ਵੀ ਸੋਚਦੇ ੧੪੭
ਪ੍ਰਗਟਿਆ ਅਕਾਲੀ ਗੁਰੂ ਰੈਹਤ ਕਰੇ ੧੪੯
ਸ਼ਾਬਾਸ਼ੇ ਅਕਾਲੀ ਤੇਰੇ ਖ਼ਿਆਲ ਦੇ ੧੪੯

ਸੁੱਤੀ ਕੌਮ ਲੁੱਟੀ ਜਾਂਦੀ ੧੫੧
ਸੀਨੇ ਚਾਕ ਸਾਡੇ ਕੋਈ ਆਨ ਵੇਖੇ ੧੫੩
ਚਾਰ ਦੁਲਾਰੇ ਪੰਜ ਪਿਆਰੇ ੧੫੪
ਸੁਣਿਆਂ ਵੈਦ ਹੈਂ ਤੂੰ ਰੋਗਾਂ ੧੫੬
ਉਚਨੀਚ ਦੇ ਲਈ ਹੈ ਸਦਾ ਖੁਲ੍ਹਾ ੧੫੭
ਜਦ ਅਸੀ ਸੁਤੰਤ੍ਰ ਰੈਂਹਦੇ ਸੀ ੧੬੦
ਤੂੰ ਜਦ ਦਾ ਚਰਖਾ ਛਡਿਆ ਨੀ ੧੬੨
ਸਾਨੂੰ ਲੈਦੇ ਦੁਪੱਟਾ ਸੁਦੇਸ਼ੀ ਲਾਲ ੧੬੬
ਅਜਬ ਰਸ ਹੈ ਵਤਨ ਦੇ ਨਾਮ ਅੰਦਰ ੧੬੯
ਹੁਣ ਗੀਤ ਵਤਨ ਦੇ ਗਾਵਾਂਗੇ ੧੬੯
ਆਗਈ ਰੁਤ ਸ਼ਹੀਦੀ ਜੇ ਅਜ ੧੭੪
ਸੁਤਿਆ ਤੂੰ ਜਾਗ ਸ਼ੇਰਾ ੧੮੩
ਬੀਰਾਂ ਦੀ ਕੌਮੇ ਹੁਣ ਤੂੰ ੧੯੩
ਕੌਮ ਸੋਚਣੇ ਦੀ ਹੱਦ ਟਪ ਆਏ ੨੦੦
ਸੇਵਾ ਦੇਸ਼ ਦੀ ਜਿੰਦੜੀ ਏ ਬੜੀ ਔਖੀ ੨੦੯
ਜਾਤਾ ਹੰਸ ਤੇ ਮਾਨਸਰ ਸੌਂਪ ਦਿਤਾ ੨੧੨
ਕਿਸੇ ਆਖਿਆ ਜਾਇ ਪਤੰਗ ਤਾਂਈ ੨੧੫

15

ਸੂਰਜ ਤਾਰੇ ਸਭ ਚਮਕਦੇ ਕੁਦਰਤੀ ੨੧੬
ਖੁਲ੍ਹੇ ਦਾੜ੍ਹੇ ਨੂੰ ਜੁਰਮ ਬਨਾਣ ਲਗੇ ੨੧੯
ਸਤ ਨਾ ਚਿਟੀ ਚਾਦਰੀਂ ੨੨੩
ਜ਼ੁਲਮੀ ਦਿਹਾੜੇ ਆ ਗਏ ਹੁਣ ਫਿਰ ੨੨੯
ਜਿਸਦੇ ਸੀਨੇ ਦੇ ਵਿਚ ਕੁਜ ਦਰਦ ੨੩੨
ਜ਼ਾਲਮ ਜ਼ੁਲਮ ਕਰਲੈ ਜਿਨਾ ਦਿਲ ੨੩੩
ਫੌਜੀ ਬੀਰ ਬਹਾਦਰੋ ਅਰਜ ੨੩੪
ਯਾਰੋ ਦੁਖਾਂ ਦਾ ਕਰੋ ਇਲਾਜ ੨੩੮
ਕੋਈ ਕੌਮ ਹਦ ਤੋਂ ਜਿਆਦਾ ੨੩੯
ਦਿਲ ਦਰਦ ਦੇ ਨਾਲ ਭਰਪੂਰ ੨੪੦
ਅਜ ਭੌਇਂ ਵੀ ਅਸਾਂ ਨ ਭੁਲਦੀਏ ੨੪੩
ਵੇਖ ਮਰਦਾਨਿਆਂ ਤੂੰ ਰੰਗ ਕਰਤਾਰਦੇ ੨੪੪
ਰਾਜਾ ਪਿਆ ਭੁਖਾ ਮਰੇ ੨੫੩
ਸੌ ਸਾਖੀ ੨੫੫

ਟੇਕਨ ਸੀਸ ਨਵਾਇਕੇ,
ਗੁਰੂ ਗ੍ਰੰਥਹਿ ਮੱਥਾ,
ਸਿਖਾਂ ਵਾਲੀ ਭਾਵਨੀ,
ਅਕਾਲੀ ਜੱਥਾ ।
ਏਹ ਦਿਸ ਵੈਰੀ ਦਿਸ਼ਾ ਦਸ,
ਦਲ ਛਵੀਆਂ ਲਥਾ ।
ਕੈਂਹਦੇ ਵੇਖੋ ਸੇਵਕਾਂ,
ਕੀ ਆਇਆ ਹੱਥਾ ।
ਗੁਰੂ ਗ੍ਰੰਥ ਦੀ ਭੇਟ ਏ,
ਲਹੂ ਸਿਖਾਂ ਵੱਥਾ ।
ਵਾਰ ਨ ਕਰਨਾ ਮੋੜਕੇ,
ਪ੍ਰਣ ਸੱਚਾ ਕਥਾ ।
ਵੀਰੋ ਮਾਰੋ ਸੇਵਕਾਂ,
ਮਤ ਸੇਵਾ ਘੁਥਾ ।
ਨਿਸਚਾ ਹੈ ਗੁਰ ਸੇਵ ਮੈਂ ਸੌ ਲਾਹੋ ਸੱਥਾ॥
ਧੰਨ ਧੰਨ ਗੁਰ ਸ਼ਹੀਦੀ ਜੱਥਾ ॥ ੮ ॥

ਆਪੇ ਖ਼ੂਨ ਵਹਾਇਕ,
ਆਪੇ ਡਰ ਖਏ ।
ਲਾਲ ਗੁਲਾਲੀ ਰੰਗ ਏ
ਗੁਰ ਆਪ ਸੁਹਾਏ ।
ਸਿਰਮੂੰਹਚੋਟਾਂ ਖਾਇਸਿਖ
ਮੂਹ ਲਾਲ ਰੰਗਾਏ ।
ਵਾਹ ਵਾਹ ਸਤਿਗੁਰੂ ਤੇਰੀਆਂ
ਚੋਜਾਂ ਜੀ ਭਾਏ ।
ਦਰਜਨ ਫਟਕੇ ਸੇਵਕਾਂ
ਫਿਰ ਪਿੱਠ ਵਖਾਏ ।
ਇਕ ਹਜਾਰਾ ਸਿੰਘ ਜੀ,
ਸ਼ਹੀਦ ਕਹਾਏ ।
ਜਥੇ ਸੇਵਾ ਲੈ ਲਈ,
ਫਿਰ ਸੀਸ ਨਿਵਾਏ ।
ਧੋਤਾ ਲੋਹੂ ਨਾਲ ਜੀ ਹਰ ਮੰਦਰ ਆਏ ।
ਆਨ ਪਾਪੀਆਂ ਪਾਪ ਧੁਆਏ ॥ ੯ ॥

ਰਾਜ ਦਰੋਹੀ ਹੋਇਕੈ,
ਸ਼ਾਹੀਦ ਅਖਾਵੇ ?
ਇਕ ਸ਼ਹੀਦੀ ਦੇਸ ਹਿਤ,
ਲੜ ਜਿੰਦ ਗਵਾਵੇ ।
ਇਕ ਸ਼ਹੀਦੀ ਧਰਮ ਹਿਤ,
ਸਰਬੰਸ ਲਗਾਵੇ ।
ਧਰ ਪੈਣਾਂ ਧਰਮ ਨ ਛੋਡਨਾ,
ਸ਼ਾਹੀਦ ਅਖਾਵੇ ।
ਇਕ ਸ਼ਸਤਰਧਾਰੀ ਹੋਇਕੇ,
ਨਾ ਹਥ ਉਠਾਵੇ ।
ਸਹਿਜ ਸੁਭਾਇਕ ਜ਼ੁਲਮ ਜਰ,
ਜੜ੍ਹ ਜੁਲਮ ਪੁਟਾਵੇ ।
ਇਹ ਸ਼ਹਾਦਤ ਖਰੀ ਕੋ,
ਗੁਰ ਸਿਖ ਈ ਪਾਵੇ ।
ਹੋਇ ਹਰੀ ਹੈਰਾਨ ਲੌ ਬੁਧ ਚੱਕਰਖਾਵੇ ।
ਵਿਰਲਾ ਕੋਇ ਸ਼ਹੀਦੀ ਪਾਵੇ ॥ ੧੦ ॥

# ਸਾਕਾ ਨਨਕਾਣਾ ਸਾਹਿਬ

## ਦੋ ਸੋ ਸ਼ਹੀਦ ਰੂਹਾਂ ਨੇ ਸਭ ਗੁਰਦਵਾਰਿਆਂ ਤੇ ਕਬਜਾ ਕਰ ਲਿਆ ਹੈ !

ਭਾਵੇਂ ਕਿਤਨਾ ਜ਼ੋਰ ਲਗਾਓ ਲੋਕੋ,
ਦੋ ਸੌ ਰੂਹਾਂ ਜੋ ਕਬਜ਼ਾ ਜਮਾਇ ਦਿਤਾ।
ਬੇਸ਼ਕ ਹਥਾਂ ਨੂੰ ਲਾਓ ਹਥਕੜੀ ਤੁਸੀ,
ਸਿੱਖਾਂ ਦਿਲਾਂ ਨੂੰ ਉਥੇ ਵਸਾਇ ਦਿਤਾ।
ਨਦੀ ਖ਼ੂਨ ਦੀ ਵਗੀ ਜੋ ਲਾਲ ਸਾਡੀ,
ਉਸ ਨਦੀ ਵਿਚ ਗੋਤਾ ਲਗਾਇ ਦਿਤਾ।
ਕੋਈ ਤਾਕਤ ਨਾ ਸਾਨੂੰ ਡਰਾਇ ਹਰਗਿਜ਼,
ਵਿਚ ਭੱਠਿਆਂ ਡਰ ਜਲਾਇ ਦਿਤਾ।

# ਸਾਕਾ ਨਨਕਾਣੇ ਦਾ !

(ਗਃ ਹੀਰਾ ਸਿੰਘ "ਦਰਦ" ਵਲੋਂ
ਨਨਕਾਣੇ ਸਾਹਿਬ ਕਵੀਦਰਬਾਰ
ਵਿਚ ਪੜ੍ਹੀਗਈ)

ਲੱਗ ਗਿਆ ਤੀਰ ਮੇਰੇ
ਕਾਲਜੇ "ਦਰਦ" ਵਾਲਾ,
ਭੁਲ ਗਿਆ ਸ਼ੌਕ ਸਭ,
ਪੀਣੇ ਅਤੇ ਖਾਣੇ ਦਾ ।
ਵਿੰਨ੍ਹ ਗਿਆ ਕਾਲਜਾ,
ਕਸਾਈ ਬੇਵਫਾਈ ਨਾਲ,
ਮਿਤਰਾਂ ਨੂੰ ਲੱਭਾ ਦਾਉ,
ਲੂਣ ਛਿਣਕਾਣੇ ਦਾ ।
ਡੋਹਲਡੋਹਲਲਹੂਜੀਹਦੀ
ਜਿੰਦੜੀ ਬਚਾਈ ਰਖੀ,
ਸੋਚਦਾ ਓਹ ਦਾਓ ਮੇਰੇ

21

ਮਾਰਕੇ ਮੁਕਾਣੇ ਦਾ।
ਮਿਤਰਾਂ ਤੇ ਵੈਰੀਆਂ ਦੀ,
ਹੋ ਗਈ ਪ੍ਰੀਖਿਆ ਵੀ,
ਖੋਲ ਗਿਆ ਪਾਜ ਸਾਰਾ,
ਸਾਕਾ ਨਨਕਾਣੇ ਦਾ ॥
ਵੇਖ ਪ੍ਰਦੇਸੀ ਘਰ,
ਆਯਾ ਭੁਰਵਾਫ਼ਾ ਕਰ,
ਕੀਤਾ ਰਖਵਾਲਾ ਘਰ,
ਬਾਰ ਦੇ ਬਚਾਣੇਦਾ।
ਮਲ ਬੈਠਾ ਸਭ ਕੁਝ,
ਮਾਰਦਾ ਹੈ ਧਕੇ ਅਜ,
ਆਖਦਾ ਨ ਰਿਹਾ ਹਕ,
ਤੇਰਾ ਇਕ ਦਾਣੇ ਦਾ।
ਘੋਲ ਦਿਤਾ ਧੰਨ ਧਾਮ
ਲਾਜ ਨੂੰ ਨਿਭਾਣ ਲਈ,
ਆਸਰਾ ਸੀ ਰਿਹਾ ਬਾਕੀ,

ਐਸੇ ਹੀ ਟਿਕਾਣੇ ਦਾ।
ਇਹਦਾ ਵੀ ਦੀਦਾਰ ਅਜ
ਮਿਲਦਾ ਹੈ ਜਾਨਾਂ ਵਾਰ,
ਵੇਖ ਲਵੋ ਅੱਖਾਂ ਨਾਲ,
ਸਾਕਾ ਨਨਕਾਣੇ ਦਾ ॥
ਪੈ ਰਹਾ ਅਵਾਜ਼ ਕਿਸੈ
ਕੰਨ ਵਿਚ ਹਾਲਾਂ ਤੀਕ,
ਤੋੜਨਾ ਨ ਸਾਥ ਓਸ,
ਸਜਣ ਪੁਰਾਣੇ ਦਾ।
ਜਾਵੇ ਜਿਹਨੂੰ ਭਾਂਵਦਾ ਹੈ,
ਹਸ ਖੇਡੋ ਓਹਦੇ ਨਾਲ,
ਮੁਕ ਗਿਆ ਚਾਉ ਮੈਨੂੰ,
ਜਿੰਦੜੀ ਕੁਹਾਣੇ ਦਾ।
ਚੁਕਣੇ ਨ ਸੀਸ ਗੁਰੂ
ਨਾਨਕ ਦੇ ਚਰਨ ਉਤੋਂ,
ਇਹਦੇ ਵਿਚ ਮੰਨਣਾ ਨ,

ਭੋਲੇ ਤੇ ਸਿਆਣੇ ਦਾ ।
ਲੱਖਾਂ ਲਛਮਨ ਤੇ,
ਦਲੀਪਸਿੰਘ ਬੈਠੇ ਐਥੇ,
ਮੁੜ ਮੁੜ ਹੋਵੇ ਪਿਆ,
ਸਾਕਾ ਨਨਕਾਣੇ ਦਾ ॥

++

# ਮਰਦਾਨਿਆ ਮੇਰੇ ਸਿਖਾਂ ਨੇ ਬਿਲਕੁਲ ਭਾਰੀ ਭੇਟ ਚੜ੍ਹਾਈ !

ਛਮਾਛਮ ਜਲ ਨਹੀਂ ਠਲਦਾ ਹੈ ਅਖੀਆਂ ਤੋਂ,
ਭੇਟਾ ਮੇਰੇ ਸਿਖਾਂ ਨੇ ਬੇਹਦ ਦੀ ਚੜ੍ਹਾਈ ਹੈ!
ਸਾਡੇ ਤੀਕ ਖੂਨ ਦੀਆਂ ਧਾਰਾਂ ਵੇਖ ਪੁਜੀਆਂ ਨੀ.
ਰੋਮ ਰੋਮ ਆਣ ਰਤ ਸਿਖਾਂ ਦੀ ਸਮਾਈ ਹੈ!
ਜਿਸ ਅਸਥਾਨ ਅਸੀਂ ਖੇਡੇ ਸੀ ਪਿੰਗੂੜਿਆਂ ਤੇ.
ਸਿਖ ਹੋਲੀ ਖੇਡੇ, ਚੋਲੀ ਲਾਲ ਆਰੰਗਾਈ ਹੈ!

ਜਿਥੇ ਅਸਾਂ ਝੱਲੀਆਂ ਚਪੇੜਾਂ ਖਰੈਂਸੋਂ ਦੇ ਪਿਛੇ,
'ਸਚ' ਪਿਛੋਂ ਸਖਾਂ ਨਦ ਖੂਨ ਦੀ ਵਹਾਈ ਹੈ!
ਸਿਖ ਮੇਰੇ ਅੰਗ, ਮੇਰੇ ਅੰਗਾਂ ਤਈਂ ਕਟਿਆ ਹੈ,
ਘੋਰ ਮਹਾਂ ਪਾਪੀ, ਏ ਮਹੰਤ ਕੇ ਕਸਾਈ ਹੈ?
ਇਕ ੨ ਸਿਖ ਤਈਂ ਜ਼ਿੰਦਾ ਜੋ ਜਲਾਇਆ ਉਸ
ਸੇਕ ਮੈਨੂੰ ਆਯਾ ਮੇਰੀ ਦੇਹੀ ਹੀ ਦੁਖਾਈ ਹੈ!
ਐਡੀ ਕੁਰਬਾਨੀ ਕਦੀ ਕਰਨੀ ਨਾ ਕਿਸੇ ਜਗ
ਸਿਖਾਂ ਵਿਚ ਜਿੰਦਗੀ ਮੈਂ ਨਵੀਂ ਰੂਹ ਪਾਈ ਹੈ,
'ਦੇਸ' ਕੌਮ ਮੰਦਰਾਂ ਨੂੰ ਖਾਲਸਾ ਬਨਾਣਾ ਸਿਖਾਂ!
ਸੱਚੀ ਉਪਕਾਰ ਵਾਲੀ ਮਿਲੀ ਬਾਦਸ਼ਾਹੀ ਹੈ!

(ਸੰਤੋਖ ਸਿੰਘ)

++

## ਠੀਕ ਨਾਹੀਂ!

ਜਾਨਾਂ ਵਾਰ ਬਚਾਯਾ ਹੈ ਰਾਜ ਜਿਸਨੇ,
ਅਜ ਉਸੇ ਨੂੰ ਝਿੜਕਣਾ ਠੀਕ ਨਾਹੀਂ।

ਸ਼ੇਰ ਹੋਯਾ ਸ਼ਹੀਦ ਜੋ ਕੌਮ ਖਾਤਰ,
ਉਸਤੇ ਮਖੀਆਂ ਭਿਣਕਣਾ ਠੀਕ ਨਾਹੀਂ।
ਮਟਕੇ ਲਹੂ ਦੇ ਭਰੇ ਹਨ, ਜਾਗ ਲਗੀ,
ਪਾਣੀ ਜ਼ੁਲਮਦਾਰਿੜਕਣਾ ਠੀਕ ਨਾਹੀਂ।
ਦੇਸ਼ੋਂਵੀਰਾਂ ਦੇ ਲਗੇ ਹਨ ਫਟ ਡੂੰਘੇ
ਉਥੇ ਲੂਣ ਦਾ ਛਿੜਕਣਾ ਠੀਕ ਨਾਹੀਂ।

(ਸੰਤੋਖ ਸਿੰਘ)

++

## ਕੁਰਬਾਨੀ ਦਾ ਮੁਢ ਯਾ ਅੰਤ?

ਅਸਾਂ ਸਮਝਿਆ "ਦੋ ਸੌ ਕੁਰਬਾਨ ਹੋਏ,
ਵੇਲਾ ਮੁਕ ਗਇਆ ਕਸ਼ਟ ਝੱਲਣ ਦਾ"।
ਤੁਸਾਂ ਆਖਿਆ "ਨਾਹੀਂ, ਅਰੰਭ ਹੋਇਆ,
ਡਾਕੇ, ਚੋਰੀਆਂ ਦੇ ਕੇਸ ਚੱਲਣੇ ਦਾ"
ਅਸਾਂ ਸਮਝਿਆ "ਅੱਕਲਸਕਾਰਕਰਸੀ।
ਚਾਲਾ ਕਰੇਗੀ, ਜੋਸ਼ ਨੂੰ ਠਲ੍ਹਣੇ ਦਾ"।

ਐਪਰ ਤੁਸਾਂ ਉਭਾਰਿਆ, ਦੇਇ ਚਾਲਾ,
ਕੌਮ ਖਾਲਸਾ ਨੂੰ ਪਿੜ ਮੱਲਣੇ ਦਾ।
ਸਾਰੀ ਕੌਮ ਦੀ ਇਕੋ ਅਵਾਜ਼ ਉਠੀ,
"ਕਦੇ ਨਹੀਂ ਹੋਣਾ, ਧਰਮਦੇਇਬਹੀਏ"।
ਧਰਮ ਮੰਗਦਾ, ਕੈਦ ਤੇ ਫਾਸੀਆਂ ਜੇ,
ਰਲਕੇ ਜੇਲਖਾਨੇ ਸਾਰੇ ਭਰ ਲਈਏ॥
ਗੋਲੀ ਮਾਰਕੇ ਜੇ ਕਿਸੇ ਤ੍ਰਿਪਤ ਹੋਣਾ,
"ਬੱਤੀ ਲੱਖ ਛਾਤੀ" ਅਗੇ ਡਾਹਲਈਏ।
ਹੱਥ ਚੁਕਣਾ ਨਾਂ, ਅੰਦਰ ਲੁਕਣ ਨਾ,
ਧਰਮ ਛੋੜੀਏ ਨਾ, ਧਰਤ ਪਏ ਪਈਏ।

(ਰਾਹੀ)

## ਇਕ ਭੈਣ ਦੀ ਆਹ!

ਪਿਆਰੇ ਵੀਰਾਂਨੇ ਧਰਮਦੀ ਆਨ ਖਾਤਰ,
ਨਦੀ ਖੂਨ ਦੀ ਅਤ ਵਹਾਈ ਹੈ ਜੀ।

ਇਸ ਦੁਸ਼ਟ ਮਹੰਤ ਨੇ ਕੈਹਰ ਕੀਤਾ,
ਸਾਰੀ ਕੌਮ ਚ ਅਤ ਦੁਖਾਈ ਹੈ ਜੀ।
ਤੇਰਾ ਖੌਫ ਚਾ ਦਿਲੋਂ ਵਿਸਾਰਿਆ ਨੇ,
ਕੈਸੀ ਜ਼ਾਲਮਾਂ ਨੇ ਅਤ ਚਾਈ ਹੈ ਜੀ।
ਪਿਆਰੇ ਵੀਰਾਂ ਨੂੰ ਜ਼ਿੰਦੇ ਜਲਾਇਆ ਨੇ,
ਕੀਤੀ ਜ਼ਾਲਮਾ ਬੜੀ ਅਨਿਆਈ ਹੈ ਜੀ।
ਗੁਰੂ ਮਾਰਿਆਂ ਨੇ ਕੇਡਾ ਕਹਰ ਕੀਤਾ,
ਅਤ ਪਾਪੀਆਂ ਧੂਮ ਮਚਾਈ ਹੈ ਜੀ।
ਦੋ ਸੌ ਵੀਰਾਂ ਨੂੰ ਜ਼ਾਲਮ ਸ਼ਹੀਦ ਕੀਤਾ,
ਕਾਲੀ ਘਟਾ ਚੁਫੇਰਿਓਂ ਛਾਈ ਹੈ ਜੀ।
ਸਤਿਗੁਰ ਰਖ ਲਓ ਆਨ ਹੁਣ ਖਾਲਸੇ ਦੀ,
ਵੀਰਾਂ ਬੜੀ ਸ਼ਹੀਦੀ ਹੁਣ ਪਾਈ ਹੈ ਜੀ।
ਵੇਲਾ ਬੌਹੜਨੇ ਦਾ ਹੁਣ ਤਾਂ ਬੌਹੜ ਸਤਿਗੁਰ,
ਮੇਰੀ ਆਪ ਦੇ ਅਗੇ ਦੁਹਾਈ ਹੈ ਜੀ।

(ਗੁਰਬੁਧ ਕੌਰ ਰਾਜੇਸਾਂਸੀ)

# ਕਵੀ ਦਰਬਾਰ ਦੀਆਂ ਕਵਿਤਾ

## ਦਿਲ ਚਾਹੁੰਦਾ ਏ ਮੌਹਰਾ ਖਾ ਮਰੀਏ!

ਸੋਹਣੇ ਵਤਨ ਤੋਂ ਲਾਲ ਸ਼ਹੀਦ ਹੋ ਗਏ,
ਯਾਰੋ ਅਸੀਂ ਤਾਂ ਮਿਟੀ ਦੇ ਭਾ ਮਰੀਏ।
ਓਹ ਤਾਂ ਬਾਗ਼ ਸੁਹਾਵਣਾਂ ਛਡ ਗਏ ਨੇ,
ਅਸੀਂ ਕੌਂਸਲਾ ਵਿਚ ਧਕੇ ਖਾ ਮਰੀਏ।
ਏਸ ਜੇਹਲ ਤੋਂ ਯਾਰੋ ਓਹ ਛੁਟ ਗਏ ਨੇ,
ਅਸੀਂ ਪਾ ਗੁਲਾਮੀ ਦੇ ਫਾਹ ਮਰੀਏ।
ਆਪ ਪਿੰਜਰੇ ਵਿਚ ਹਾਂ ਕੈਦ ਬੈਠੇ,
ਨਾਲੇ ਹੋਰਨਾਂ ਅਸੀ ਫਸਾ ਮਰੀਏ।
ਸਾਡੀ ਹੀਰ ਅਜ਼ਾਦੀ ਲੈ ਗਏ ਖੇੜੇ,
ਕਿਥੇ ਜਾਕੇ ਮੂੰਹ ਛੁਪਾ ਮਰੀਏ।
ਖਿੜੇ ਫੁਲਾਂ ਨੂੰ ਆਣਕੇ ਤੋੜ ਲੈ ਗਏ,
ਅਸੀਂ ਕੰਡਿਆਂ ਨੂੰ ਜਫੇ ਪਾ ਮਰੀਏ।

NATIONAL ARCHIVES LIBRARY
GOVT. OF INDIA

ਝੂਠੇ ਕੌਲ ਕਰਾਰਾਂ ਤੇ ਭੁਲ ਕਰਕੇ,
ਸੋਹਣਾ ਤਖਤ ਹਜ਼ਾਰਾ ਗਵਾ ਮਰੀਏ।
ਮਹੀਆਂ ਛਡ ਬਿਗਾਨੀਆਂ ਵਾਗੀਆ ਵੇ,
ਕੋਈ ਅਪਣਾ ਦਾਉ ਚਲਾ ਮਰੀਏ।
ਕਿਵੇਂ ਬਹੇਂ ਰਕੀਬ ਦੀ ਕੁਰਸੀਆਂ ਤੇ,
ਆਓ ਧੂਣੀਆਂ ਅਸੀਂ ਹੁਣ ਤਾ ਮਰੀਏ।
ਇਨਾਂ ਬੇਲਿਆਂ ਵਿਚ ਹੈ ਕੀ ਸਾਡਾ,
ਜਾਕੇ ਰੰਗ ਪੁਰ ਅਲਖ ਗਜਾ ਮਰੀਏ।
ਹੀਰ ਲਈ ਨ ਮੋੜ ਜੇ ਖੇੜਿਆਂ ਤੋਂ,
ਪਾਣੀ ਚੱਪਣੀ ਵਿਚ ਚਾ ਪਾ ਮਰੀਏ।
ਨਹੀਂ ਤਾਂ ਜੀਉਣਾ ਭਠ ਜਹਾਨ ਅੰਦਰ,
ਦਿਲ ਚਾਹੁੰਦਾ ਏ ਮੌਹਰਾ ਖਾ ਮਰੀਏ।

"ਦਰਦ"

ARCHIVES LIBRARY ... GOVT. OF INDIA

## ਸਾਡੇ ਫੱਟ ਪੁਰਾਣੇ ਤਾਂ ਹੋਣ ਦੇਂਦੇ !

ਕੱਠੇ ਗਏ ਜਿਥੇ ਸਾਡੇ ਵੀਰ ਬਾਂਕੇ,
ਬੈਠ ਤਿਨ੍ਹਾਂ ਸਿਰਹਾਣੇ ਤਾ ਰੋਣ ਦੇਂਦੋਂ ।
ਮੇਰੇ ਵੀਰਾਂ ਦਾ ਬਣੇਂ ਨਿਸ਼ਾਨ ਉਥੇ,
ਇਟਾਂ ਓਸ ਟਿਕਾਣੇ ਤਾਂ ਢੋਣ ਦੇਂਦੋਂ ।
ਝਗੜਾ ਛੇੜਿਆ ਨਵਾਂ ਕ੍ਰਿਪਾਨ ਵਾਲਾ,
ਪਲਕ ਗੁਰੂ ਦੇ ਭਾਣੇ ਤਾਂ ਸੌਣ ਦੇਂਦੋਂ ।
ਤਾਜੇ ਘਾ ਉਤੇ ਲੂਣ ਕਿਉਂ ਛਿੜਕਨਾਏਂ,
ਸਾਡੇ ਫੱਟ ਪੁਰਾਣੇ ਤਾਂ ਹੋਣ ਦੇਂਦੋਂ ।

ਅਮਰ ਸਿੰਘ ਖੋੜੀ (ਗੁਜਰਾਤ)

## ਪੰਥ ਅਗੇ ਪਹਿਲਾ ਸੁਆਲ

ਗੁਰੂ ਪੰਥ ਨਨਕਾਣੇ ਤੂੰ ਪੌਂਚ ਛੇਤੀ,
ਸੂਰੇ ਖੂਨ ਨੂੰ ਜਾ ਸੰਭਾਲ ਪਹਿਲਾਂ !

ਮੋਤੀ ਹੀਰਿਆਂ ਨੇ ਕੇਹੜੇ ਕੰਮ ਔਣਾ?
ਪਏ ਰੁਲਦੇ ਸੁੱਚੜੇ ਲਾਲ ਪਹਿਲਾਂ!
ਸੁਚੇ ਖ਼ੂਨ ਦੀ ਪਈ ਪੁਕਾਰ ਆਵੇ,
ਕੋਈ ਆਣਕੇ ਕਰੇ ਪੜਤਾਲ ਪਹਿਲਾਂ!
ਰੌਸ਼ਨ ਜੱਗ ਦੇ ਵਿਚ ੳ ਅੱਗ* ਹੋਵੇ,
ਬੱਸ ਹੋਰ ਨਾਂ ਕੋਈ ਸੁਵਾਲ ਪਹਿਲਾਂ!
(ਅਕਾਲੀ ਜਿਲਦ ੨ ੮: ੫੨

## ਗੁਰੂ ਪੰਥ ਅਗੇ ਸ਼ਹੀਦਾਂ ਦੇ ਖ਼ੂਨ ਦੀ ਪੁਕਾਰ!

ਆਖੇ ਕੌਣ ਏ ਦਿਲ ਹੈ ਮੋਮ ਤੇਰਾ,
ਬਲੀ ਅਗ ਤੋਂ ਅਜੇ ਵੀ ਢੱਲਿਆ ਨਾਂ!
ਤੇਰੇ ਜਿਗਰ ਥੀਂ ਬੋਟੀਆਂ ਕੱਟਗਈਆਂ,
ਦੋ ਸੌ ਤੀਰ ਖਾਕੇ ਸੀਨਾ ਸੱਲਿਆ ਨਾ!

ਨੋਟ-*ਨਾਨਕਾਣੇ ਸਾਹਿਬ ਦੀਆਂ ਭੱਠੀਆਂ ਦੀ ਅੱਗ।

ਭੁੱਲੇ ਖ਼ੂਨ ਨੂੰ ਬੀਤਿਆ ਸਾਲ ਅੱਧਾ,
ਕੋਈ ਪੁਛ ਪੜਤਾਲ ਨੂੰ ਘੱਲਿਆ ਨਾਂ !
ਲੋਕੀ ਆਖਦੇ ਪਏ ਨੀ ਜਗ ਅੰਦਰ,
ਕਿਸੇ ਖ਼ੂਨ ਸ਼ਹੀਦਾਂ ਦਾ ਝੱਲਿਆ ਨਾਂ !
ਡਿਗੀ ਇਕ ਸ਼ਹੀਦ ਦੀ ਬੂੰਦ ਕਿਧਰੇ,
ਪੂਜਾ ਵਾਸਤੇ ਮਜਲਸਾਂ ਲਗ ਗਈਆਂ !
ਰੌਸ਼ਨ ਇੰਦ ਜਹਾਨ ਦੇ ਵਿਚ ਹੋਈ,
ਜਿਵੇਂ ਬਿਜਲੀਆਂ ਥਾਂ ਥਾਂ ਜਗ ਗਈਆਂ !
ਐਥੇ ਨਦੀਆਂ ਸੁਚੜੇ ਖ਼ੂਨ ਦੀਆਂ,
ਆਈਆਂ ਇਧਰੋਂ ਉਧਰ ਨੂੰ ਵਗ ਗਈਆਂ !
ਕੋਈ ਪੁਛ ਪੜਤਾਲ ਨ ਤੁਧ ਕੀਤੀ,
ਤੈਨੂੰ ਕੂੜੀਆਂ ਕੌਸਲਾਂ ਠੱਗ ਗਈਆਂ !

# ਬੀਰ ਲਛਮਨ ਦੇ ਵਾਂਗ
# ਸ਼ਹੀਦ ਹੋਣਾ

ਵੇਖੀ ਅਜਬ ਦੋਰੰਗੀ ਦੀ ਚਾਲ ਤੇਰੀ,
ਕਿਹਾ ਰਖਿਆ ਜਾਲ ਖਿਲਾਰ ਚੰਗਾ।
ਉੱਤੇ ਹੋਜਲਾ ਅੰਦਰੋਂ ਪੀਏਂ ਰੀਂਜਾਂ,
ਤੇਰੇ ਹੇਜ ਤੋਂ ਫਟ ਤਲਵਾਰ ਚੰਗਾ।
ਛੱਡੀ ਛਾਹ ਤੇਰੀ ਹਟਕ ਕੁਤਿਆਂ ਨੂੰ,
ਰੱਜ ਵੇਖਿਆ ਤੇਰਾ ਪਿਆਰ ਚੰਗਾ।
ਗੁਥੀ ਘਤ ਦੁਹਾਈ ਜੋ ਫਿਰੇਂ ਚੁਕੀ,
ਤੇਰੀ ਦਵਾ ਤੋਂ ਬਿਨਾਂ ਬੀਮਾਰ ਚੰਗਾ।
ਸੱਚੀ ਕੌਮ ਦੀ ਕੀਤਿਆਂ ਬਾਝ ਸੇਵਾ,
ਕਿਸੇ ਨਹੀਂ ਅਖੌਣਾ ਸਰਦਾਰ ਚੰਗਾ।
ਕੌਮ ਵੇਚਕੇ ਇਜਤਾਂ ਲਈ ਬੈਠੇ,
ਦਰਜੇ ਲਖ ਸੀ ਹੋਣਾ ਖੁਆਰ ਚੰਗਾ।

ਫਿਟ ਜਾਵਿਆ ਐਸਾ ਜਹਾਨ ਅੰਦਰ,
ਜਿਨ੍ਹਾਂ ਬੰਦਿਆਂ ਤੋਂ ਮੁਰਦਾਰ ਚੰਗਾ।
ਛਡੋ ਖੈਹੜਾ ਹੁਣ ਗਿਆਂ ਗੁਆਤਿਆਂਦਾ,
ਕਰਨਾ ਇਨ੍ਹਾਂ ਤੇ ਨਹੀਂ ਇਤਬਾਰਚੰਗਾ।
ਚੰਗਾ ਧਰਮ ਤੋਂ ਜਾਨ ਨੂੰ ਵਾਰ ਦੇਣਾ,
ਕੌਮ ਸੇਵ ਦੇ ਨਾਲ ਪਿਆਰ ਚੰਗਾ।
ਬੀਰ ਲਛਮਨ ਦੇ ਵਾਂਗ ਸ਼ਹੀਦ ਹੋਣਾ,
ਗੁਰਧਾਮਾਂ ਦਾ ਕਰਨਾ ਸੁਧਾਰ ਚੰਗਾ।
ਅੰਗ ਅੰਗ ਕਟਵਾ ਵਿਚ ਅਗ ਸੜਨਾ,
ਵਲੋਂ ਸੇਵਕਾਂ ਨਾ ਕਰਨਾ ਵਾਰ ਚੰਗਾ।
ਪੰਥ ਪੰਜ ਹਜ਼ਾਰ ਦੀ ਮੰਗ ਕੀਤੀ,
ਹਾਜਰ ਸੀਸ ਨਿਜ ਕਰਨਾ ਉਤਾਰ ਚੰਗਾ।
ਹੋਵੋ ਤਯਾਰ ਸਭ ਸਮਾ ਨ ਬੀਤ ਜਾਵੇ,
ਜੰਮਨ ਮਰਨ ਨਾਹੀਂ ਵਾਰ ਵਾਰ ਚੰਗਾ।
(ਦਾਸ ਕਰਮ ਸਿੰਘ ਪ੍ਰਦੇਸੀ ਖਾਲਸ
ਕੁਆਲਾ ਲੰਪਰ) ਜਿ: ੨ ਨੰ: ੬੦

## ਛੋਟੇ ਸ੍ਰੀ ਨਨਕਾਣਾ ਸਾਹਿਬ ਜੀ

ਜਿਥੇ ਹੋਂਵਦੇ ਸੀ ਕਦੇ ਪਾਪ ਭਾਵੇਂ,
ਸਮਾ ਹੋਰ ਹੀ ਰੰਗ ਲਿਆਂਵਦਾ ਹੈ।
ਜਿਥੇ ਵੇਸਵਾ ਨਾਚ ਆ ਕਰਦੀਆਂ ਸੀ,
ਅਜ ਖਾਲਸਾ ਹਰੀ ਨੂੰ ਧਿਆਂਵਦਾ ਹੈ।
ਜਿਥੇ ਪਾਪ ਤੇ ਜ਼ੁਲਮ ਦੀ ਅਗ ਭੜਕੀ,
ਸੋਮਾ ਸਿਖੀ ਦਾ ਅੱਜ ਸੁਹਾਂਵਦਾ ਹੈ।
ਸੂਰਤ ਸਿੰਘ ਅਕਾਲ ਅਕਾਲ ਹੋਵੇ,
ਏਥੇ ਖਾਲਸਾ ਹੀ ਸੋਭਾ ਪਾਂਵਦਾ ਹੈ।

## "ਸ਼ਹੀਦਾਂ ਦਾ ਧੰਨਜਵਾਦ"

ਲਛਮਣਸਿੰਘ ਜੀ ਦਾ ਧੰਨਜਵਾਦਕਰੀਏ,
ਅਤੇ ਹੋਰ ਸ਼ਹੀਦਾਂ ਵੀ ਸਾਰਿਆਂ ਦਾ।
ਖ਼ੂਨ ਨਾਲ ਜਿਨ੍ਹਾਂ ਪਾਪ ਧੋ ਦਿਤੇ,
ਧੰਨਜਵਾਦ ਹੈ ਗੁਰੂ ਦੁਲਾਰਿਆਂ ਦਾ।

ਸਹੀਆਂ ਗੋਲੀਆਂ ਵਾਂਗ ਪਹਾੜ ਹੋਕੇ,
ਭੱਠ ਮਚਿਆ ਸੀ ਭੁੱਠਹਾਰਿਆਂ ਦਾ।
ਖਾਤਰ ਕੌਮ ਦੀ ਸੀਸ ਕੁਰਬਾਨ ਕਰਕੇ,
ਕਰ ਗਏ ਸੁਧਾਰ ਗੁਰਦੁਆਰਿਆਂ ਦਾ।
ਮੰਦਰ ਧਰਮ ਦਾ ਇਕ ਉਸਾਰ ਗਏ ਜੀ,
ਲਹੂ ਕਰ ਪਾਣੀ ਮਾਸ ਗਾਰਿਆਂ ਦਾ।
ਕ੍ਰਿਪਾ ਉਨ੍ਹਾਂ ਦੀ ਨਾਲ ਹਾਂ ਰਲ ਬੈਠੇ,
ਨਾਸ ਹੋਗਿਆ ਹੈ ਹਤਿਆਰਿਆਂ ਦਾ।
ਜਿਧਰ ਵੇਖੀਏ ਖਾਲਸਾ ਪੰਥ ਗਜੇ,
ਦੱਸਾਂ ਹਾਲ ਮੈਂ ਕੀ ਦਲਾਂ ਭਾਰਿਆਂ ਦਾ।
ਸੂਰਤ ਸਿੰਘ ਹੈ ਪ੍ਰਿਥਵੀ ਗੂੰਜ ਉਠੀ,
ਆਵੇ ਅੰਤ ਨ ਕੋਈ ਜੈਕਾਰਿਆਂ ਦਾ।

37

# ਕਰਦੇ ਅਜੇ ਪੜਤਾਲ ਦਾ ਧਿਆਨ ਕਿਉਂ ਨਹੀਂ ?

ਜਿਸ ਕੌਮ ਦੇ ਦੋ ਸੌ ਸ਼ਹੀਦ ਹੋਵਣ,
ਸੀਨੇ ਉਸ ਦੇ ਵੱਜਦੇ ਬਾਣ ਕਿਉਂ ਨਹੀਂ।
ਬਚੇ ਬਚੀਆਂ ਛੱਡ ਕੁਰਬਾਨ ਹੋ ਗਏ,
ਦਿਲ ਅਸਾਂ ਦੇ ਗੈਰਤਾਂ ਖਾਣ ਕਿਉਂ ਨਹੀਂ।
ਦੋ ਸੌ ਰੂਹਾਂ ਗੁਰਪੁਰੀ ਸਿਧਾਰ ਗਈਆਂ,
ਕਰਦੇ ਅਜੇ ਪੜਤਾਲ ਦਾ ਧਿਆਨ ਕਿਉਂ ਨਹੀਂ।
ਇਸ ਕੰਮ ਤੋਂ ਪੈਰ ਖਸਕਾਉ ਪਿਛੇ,
ਤੁਹਾਡੇ ਦਿਲਾਂ ਅੰਦਰ ਸਿਖੀ ਆਣ ਕਿਉਂ ਨਹੀਂ।

ਗੋਪਾਲ ਸਿੰਘ ਈਚੇ ਗਿਲ

ਜਿਲਦ ੨ ਨੰ: ੩੩

-+-

# ਨਨਕਾਣੇ ਸਾਹਿਬ ਦਾ ਸਾਕਾ

(ਜੋ ਕਵਿਤਾ ਕਵੀ ਸੰਤੋਖ ਸਿੰਘ ਜੀ ਨੇ ਕਾਨਫ੍ਰੰਸ ਵਿਚ ਪੜ੍ਹੀ ਹੈ ਉਸ ਵਿਚੋਂ ਇਹ ਦੋ ਕਬਿਤ ਸਾਡੇ ਪਾਸ ਪੁਜੇ ਹਨ)

ਸਾਕੇ ਨਨਕਾਣੇ ਵਿਚ
ਵੀਰਾਂ ਨੂੰ ਜਲਾਯਾ ਪਾਪੀ,
ਤੀਹ ਲਖ ਸਿਖਾਂ ਸੰਦੇ
ਦਿਲ ਸਾਰੇ ਜਲੇ ਜੀ।
ਜਲੇ ਹੋਇ ਦਿਲਾ ਦੇ
ਨਿਸ਼ਾਨ ਕੁਝ ਬਾਹਰਆਏ,
ਕਾਲੇ ਦਸਤਾਰੇ ਅਤੇ
ਕਾਲੇ ਉਤੇ ਪਲੇ ਜੀ।
ਮੁੜਕਾ ਭੀ ਨਿਕਲੇ ਤਾਂ
ਨਿਕਲੇ ਏ ਲਹੂ ਸਾਡਾ,

ਨੈਣਾਂ ਵਿਚੋਂ ਲਹੂ ਤਾਰ
ਬਦੋ ਬਦੀ ਚਲੇ ਜੀ।
ਸ਼ੁਕਰ ਹਜ਼ਾਰ ਕਰਤਾਰ
ਤੇਰਾ ਭਾਣਾ ਮਿਠਾ,
ਪੰਥ ਹੁਣ ਇਕ ਹੋਵੇ
ਵੀਰ ਵੀਰ ਰਲੇ ਜੀ।
ਮੰਡਪ ਵੀ ਅਜ ਨਨਕਾਣੇ
ਜੀ ਨੂੰ ਯਾਦ ਕਰ,
ਕਖਾਂ ਦੇ ਛਪਰ ਹੇਠ
ਆਹ ਪਿਆ ਉਠਾਂਵਦਾ।
ਖੁਲ੍ਹੀ ਅਜ ਪੌਣ ਪਈ
ਚੱਲਦੀ ਅਜ਼ਾਦੀ ਨਾਲ,
ਗ਼ਲਤੀ ਓ ਕਰੇ ਜੇੜ੍ਹਾ
ਰਉ ਨੂੰ ਰੁਕਾਂਵਦਾ।
ਦੋ ਸੌ ਰੂਹਾਂ ਸਚ ਖੰਡੋਂ
ਪ੍ਰੇਮ ਦਾ ਸੁਨੇਹਾ ਦੇਣ,

ਸਿਖ ਓਹੀ ਚੰਗਾ ਧਰਮ
ਵਿਦਯਾ ਨੂੰ ਪਾਂਵਦਾ ।
ਹਰ ਤਰਾਂ ਵਿਦਯਾ
ਵਧਾਵੇ ਪੰਥ ਛੇਤੀ ਹੁਣ,
ਕਾਨਫ੍ਰੰਸ ਸਿਖ ਲੀਗ
ਇਕੋ ਰੂਪ ਭਾਂਵਦਾ ।

## ਸਾਨੂੰ ਵੀਰਨਾਂ ਨਾਲ ਲੜਾ ਨਾਹੀਂ !

ਹੇ ਹਤ੍ਯਾਰਿਆ ਡਰੀਂ ਵੇ ਰੱਬ ਕੋਲੋਂ,
ਦੁਖੇ ਹੋਯਾਂ ਨੂੰ ਹੋਰ ਦੁਖਾ ਨਾਹੀਂ ।
ਦਿਤਾ ਫਲ ਏਹ ਤੇਰੀਆਂ ਮਿਤ੍ਰਤਾਈਆਂ,
ਨਦੀ ਖੂਨ ਦੀ ਹੋਰ ਵਹਾ ਨਾਹੀਂ ।
ਅਸੀਂ ਗੁਰੂ ਤੋਂ ਸਦਕੜੇ ਹੋਣ ਵਾਲੇ,
ਸਾਨੂੰ ਰਾਹ ਕੁਵੱਲੜੇ ਪਾ ਨਾਹੀਂ ।

ਦੋ ਸੌ ਸੱਲ ਕਲੇਜੜੇ ਸਬਰ ਹਾਲੀ,
ਸਾਡਾ ਪਾਪੀਆਂ ਸਬਰ ਤੁੜਾ ਨਾਹੀਂ ।
ਅਸਾਂ ਬੈਠਕੇ ਗੋਲੀਆਂ ਖਾ ਲਈਆਂ,
ਓਹਲੇ ਬੈਠਕੇ ਤੀਰ ਚਲਾ ਨਾਹੀਂ ।
ਅਸੀਂ ਵਾਂਗ ਪ੍ਰਵਾਨਿਆਂ ਸੜੇ ਆਕੇ,
ਭਾਂਬੜ ਬਾਲਕੇ ਹੋਰ ਅਜਮਾ ਨਾਹੀਂ ।
ਸਾਨੂੰ ਤਲਿਆ ਤੇਲ ਵਿਚ ਪਾਪੀਆਂ ਨੇ,
ਤੇਲ ਆਣਕੇ ਹੋਰ ਕੜਕਾ ਨਾਹੀਂ ।
ਹੁਕਮ ਪੰਥ ਦਾ ਚਕਦੇ ਹਥ ਨਾਹੀਂ,
ਐਵੇਂ ਹੋਰ ਭੁਲੇਖੜਾ ਖਾ ਨਾਹੀਂ ।
ਮੁਸਲਮਾਨ ਹਿੰਦੂ ਡੁਬੇ ਗਮ ਅੰਦਰ,
ਸਾਨੂੰ ਇਨ੍ਹਾਂ ਦੇ ਨਾਲ ਲੜਾ ਨਾਹੀ ।
ਸਦਕੇ ਜਾਵੀਏ ਮਾਂ ਦਿਆਂ ਜਾਇਆਂ ਤੋਂ,
ਭਾਤਰ ਜਾਏ ਕੀ ਅਸੀ ਭਰਾ ਨਾਹੀਂ ।
ਅਸਾਂ ਇਨਾਂ ਦੇ ਦਿਲ ਦੁਖਾਏ ਕਿਕੁਰ,
ਸਾਨੂੰ ਅਪਣੇ 'ਦਰਦ' ਦੀ ਵਾਹ ਨਾਹੀਂ ।

ਕੀਤਾ ਗਜ਼ਬ ਈ ਪਾਪੀਆਂ ਝੂਠਕਹਿਕੇ,
ਪਰ੍ਹੇ ਹਟ ਜਾ ਹੋਰ ਬਕਾ ਨਾਹੀਂ।
ਅਸਾਂ ਵੈਰੀਆਂ ਉਤੇ ਨ ਵਾਰ ਕੀਤਾ,
ਝੂਠਾ 'ਵੀਰਾਂ ਤੇ ਵਾਰ' ਧੁਮਾ ਨਾਹੀਂ।
ਕਟਾ ਵਢ ਮਚੇ ਸਾਰੇ ਹਿੰਦੀਆਂ ਦੀ,
ਪੂਰੀ ਹੋਂਵਦੀ ਤੇਰੀ ਏਹ ਚਾਹ ਨਾਹੀਂ।
ਪਈ ਕਾਲਜੇ ਅਜੇ ਨ ਠੰਢ ਤੈਨੂੰ,
ਐਸ ਧਰਤ ਉਤੇ ਤੇਰੀ ਜਾ ਨਾਹੀਂ।
ਸਾੜੇ 'ਦਰਦ' ਰੁਆਇਆ ਪਥਰਾਂ ਨੂੰ,
ਤੇਰਾ ਜ਼ਾਲਮਾ ਮਿਟਿਆ ਚਾ ਨਾਹੀਂ।

"ਦਰਦ"

## ਕੈਨੇਡੀਅਨ ਸਿੱਖ

ਸੈਆਂ ਕੋਹਾਂ ਤੇ ਜਾ ਫਰਿਆਦ ਪੌਂਚੀ,
ਵੇਖੋ ਖੂਨ ਸ਼ਹੀਦਾਂ ਦਾ ਰੁਲਿਆ ਜੇ।

ਦਰਦ ਵਾਲਿਆਂ ਰਿਹਾ ਨ ਸਬਰ ਮੂਲੋਂ,
ਖਾਣਾ ਪੀਵਣਾ ਉਨ੍ਹਾਂ ਨੂੰ ਭੁਲਿਆ ਜੇ !
ਕਿੰਨੇ ਜੀਂਵਦੇ ਮੋਏ ਤੇ ਚੜ੍ਹੇ ਫਾਂਸੀ,
ਅਤੇ ਭੇਦ ਨਾ ਪੰਥ ਤੋਂ ਖੁਲ੍ਹਿਆ ਜੇ !
ਜਾਕੇ ਹੋਰ ਨਨਕਾਣੇ ਦੇ ਵਿਚ ਵੇਖੋ,
ਨਵਾਂ ਖ਼ੂਨ ਸ਼ਹੀਦਾਂ ਦਾ ਡੁਲਿਆ ਜੇ !

++

## ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ ।

-ਬੈਂਤ-

ਜਿਸਦੇ ਵਾਸਤੇ ਛੱਡਕੇ ਪੁਤ ਧੀਆਂ,
ਦੇਸੋਂ ਦੂਰ ਪਰਦੇਸ ਵਿਚ ਜਾ ਮਰੀਏ ।
ਕਾਬਲ,ਚੀਨ,ਨਾਟਾਲ,ਬਗਦਾਦ,ਤਿੱਬਤ,
ਮਿਸ਼ਰ, ਫ੍ਰਾਂਸ ਵਿਚ ਖ਼ੂਨ ਵਹਾ ਮਰੀਏ ।

ਜੇਕਰ ਉਸੇ ਦੀ ਗੋਲੀਆਂ ਬੰਬ ਖਾਕੇ,
ਸਿਰਤੇ ਝੱਲਕੇ ਮਾਰਸ਼ਲ ਲਾ ਮਰੀਏ।
ਕਿਉਂ ਨਾ ਜਿੰਦ ਤੋਂ ਫਰ ਬੇਜ਼ਾਰ ਹੋਈਏ?
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।
ਪੈਸੇ ਪੰਜ ਹੈ ਰੋਜ਼ ਔਕਾਤ ਸਾਡੀ,
ਭੁਖੇ ਮੁੱਕੀਆਂ ਢਿੱਡ ਨੂੰ ਲਾ ਮਰੀਏ।
ਸਯਾਲੀ ਦਿਨਾਂ ਵਿਚ ਦੰਦਖੜਕਾ ਮਰੀਏ,
ਗਰਮੀ ਵਿਚ ਸਰੀਰ ਝੁਲਸਾ ਮਰੀਏ।
ਜਾਈਏ ਟੋਕਰੀ ਢੋਣ ਜਦ ਟਾਪੂਆਂ ਵਿਚ,
ਕਾਲਾ ਕੁਲੀ ਬੇਸ਼ਰਮ ਕਹਾ ਮਰੀਏ।
ਦੇਸ ਅਤ ਪਰਦੇਸ ਵਿਚ ਹੋਇ ਦੂਰ ਦੂਰ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।
ਕੀੜੇ ਅਤੇ ਮਕੌੜਿਆਂ ਵਾਂਗ ਘਰ ਵਿਚ,
ਬੇਕਸੂਰ ਹੀ ਭੰਗ ਦੇ ਭਾ ਮਰੀਏ।
ਮਾਵਾਂ ਅਤੇ ਭੈਣਾਂ, ਧੀਆਂ ਦੇਵੀਆਂ ਦੇ,
ਜਬਰਨ ਘੁੰਡ ਪਾਪੀ ਤੋਂ ਚੁਕਵਾ ਮਰੀਏ।

45

ਗਾਧੀਆਂ ਕੁੱਤੀਆਂ ਆਦਿ ਕਹਾ ਮਰੀਏ,
ਮੂੰਹ ਸਤਵੰਤੀਆਂ ਉੱਤੇ ਥੁਕਾ ਮਰੀਏ ;
ਹੁਕਮਨ ਜ਼ਿਮੀ ਤੇ ਢਿੱਡ ਰਗੜਾ ਮਰੀਏ,
ਕਿਉਂ ਨਾ ਇਸ ਗੱਲੋਂ ਮਹੁਰਾ ਖਾ ਮਰੀਏ।
ਧਰਮ ਚਿੰਨ੍ਹ ਕ੍ਰਿਪਾਨ ਦੇ ਪਾਨ ਬਦਲੇ,
ਜੇਲੀਂ ਅੱਡੀਆਂ ਰਗੜ ਰਗੜਾ ਮਰੀਏ।
ਦਾੜ੍ਹੇ ਖੋਲ੍ਹਕੇ ਰਖਣ ਦੇ 'ਜੁਰਮ' ਖਾਤਰ,
ਫੌਜੀ ਕੈਦ ਦੀ ਪਾਇ ਸਜ਼ਾ ਮਰੀਏ।
ਦਿਲੀ ਹਾਲ ਜੇ ਖੋਲਕੇ ਅਰਜ਼ ਕਰੀਏ,
ਜਿਸਮ ਏੜੀਆਂ ਵਿਚ ਜਕੜਾ ਮਰੀਏ।
ਐਸੇ ਹਾਲ ਵਿਚ ਜੀਉਣਦਾ ਹੱਕਕਾਹਦਾ,
ਦਿਲ ਚਾਹੁੰਦਾ ਏ ਮਹੁਰਾ ਖਾ ਮਰੀਏ।

(ਬੱਧਾ ਸ਼ੇਰ)

++

# ਕੈਦੀ ਪ੍ਰਵਾਰ ਸਹਾਇਤਾ

## ਕੈਦੀ ਪ੍ਰਵਾਰ ਸਹਾਇਕ ਫੰਡ

ਪਿਆਰੇ ਵੀਰੋ ਕੰਘੀ ਮਾਰੋ
ਦਿਲ ਅਪਨੇ ਵਿਚ ਸਾਰੇ।
ਵੀਰ ਤੁਹਾਡੇ ਵਿਚ ਜੇਹਲਾਂ ਜੋ
ਸੜਦੇ ਅਤ ਪਿਆਰੇ।
ਬਾਲ ਬਚੇ ਪ੍ਰਵਾਰ ਉਨਾਂਦੇ
ਭੁਖ ਦੇ ਦੁਖ ਨੇ ਮਾਰੇ।
ਮਾਇਆ ਦੇਵੋ ਉਨਾਂ ਖਾਤਰ
ਲਾਇਲਪੁਰੀ ਪੁਕਾਰੇ।
(ਲਾਇਲਪੁਰੀ)

## ਇਕ ਲੱਖ

[ ਵਲੋਂ ਹੀਰਾਸਿੰਘ ਦਰਦ]

ਪੰਥ ਖਾਲਸਾ ਬੀਰ ਤੇ ਲੱਖ ਦਮੜਾ,
ਪਾਇਆ ਕਿਸੇ ਨੇ ਏਹ ਸਵਾਲ ਕੀਏ।

ਵੀਰਾਂ ਵਾਸਤੇ ਸਾਡੜੀ ਜਿੰਦ ਸਦਕੇ,
ਪਿਛੇ ਰਖਣਾ ਅਸਾਂ ਨੇ ਮਾਲ ਕੀ ਏ ?
ਕੈਦੀ ਵੀਰ ਤੇ ਦੁਖੀ ਪ੍ਰਵਾਰ ਰੁਲਦੇ,
ਸਾਡੇ ਜਾਵਣੇ ਦਾ ਯਾਰੋ ਹਾਲ ਕੀ ਏ ?
ਸਾਡੇ 'ਦਰਦ' ਦਾ ਕਰੇ ਇਲਾਜ ਕੋਈ,
ਦਮੜੇ ਲੱਖ ਦਾ ਏਥੇ ਸਵਾਲ ਕੀ ਏ ?

## ਜੇਹਲਾਂ ਦੇ ਕੈਦੀ ਤੇ ਵਿਛੜੇ ਵੀਰ ਪ੍ਰਦੇਸੀ ਖਾਲਸਾ (ਕੈਨੇਡੀਅਨ) ਜੇਹਲ ਯਾਤਰਾ

## ਬੁਲਬੁਲ ਦੀਆਂ ਉਡਾਰੀਆਂ

ਬੁਲਬੁਲ ! ਬਾਗ ਦੀ ਕਾਹਨੂੰ ਉਦਾਸ ਹੋਈ,
ਕਿੱਧਰ ਜਾਂਵਦੀ ਮਾਰ ਉਡਾਰੀਆਂ ਨੀ ?

ਫੇਰੀ ਤੋੜਦਾ ਜਾਂਵਦਾ ਫੁਲ ਸਾਰੇ,
ਬੰਦ ਕੀਤੇ ਚਾ ਕਿਆਰ ਤੇ ਕਿਆਰੀਆਂ ਨੀ
ਫੁਲ ਜਾਇਕੇ ਜੇਹਲਾਂ ਦੇ ਬਾਗ ਬਣ ਗਏ,
ਮੈਂ ਵੀ ਜੇਹਲਾਂ ਨੂੰ ਕੀਤੀਆਂ ਤਿਆਰੀਆਂ ਨੀ।
ਉਥੇ ਗਾਵਾਂਗੀ ਗੀਤ ਪ੍ਰਸੰਨ ਹੋਕੇ,
ਭਾਵੇਂ ਪੈਣ ਮੁਸੀਬਤਾਂ ਭਾਰੀਆਂ ਨੀ।

(ਸੰਤੋਖ ਸਿੰਘ)

## ਜੇਹਲ ਕਿ ਬੈਕੁੰਠ ?

(ਇਕ ਜੇਹਲ ਵਾਸੀ ਦੇ ਖਿਆਲ)

ਆਓ ਵੱਸੀਏ ਜੇਹਲ
ਵਿਚ ਖਾਲਸਾ ਜੀ,
ਰਹਿਣ ਲਈ ਹੁਣ
ਥਾਉਂ ਨਾ ਹੋਰ ਕੋਈ।
ਰਬ ਵਾਲਿਆਂ ਦੇ
ਐਥੇ ਲਗੇ ਡੇਰੇ,

49

੬ ਹੁਣ ਤਾ ਨਜ਼ਰ ਨਾ
ਆਂਵਦਾ ਚੋਰ ਕੋਈ ।
ਮੌਜ ਲਗੀ ਸਤਸੰਗ
ਦੀ ਖੂਬ ਐਥੇ,
ਚੁਪ ਸ਼ਾਂਤ ਨਾ
ਪਾਂਵਦਾ ਸ਼ੋਰ ਕੋਈ ।
ਸਚੇ ਗੁਰੂ ਦੇ ਸਿਖ
ਤਾਂ ਈਹੋ ਸਮਝਨ,
ਈਹੋ ਸੁਰਗ ਨਾ
ਦੂਸਰਾ ਹੋਰ ਕੋਈ ।

**ਬੋਲ ਮਰਦਾਨਿਆ**
**ਸਤਿ ਕਰਤਾਰ!**

ਮਾਣੇ ਆਪ ਪੂਜਾ ਤਈਂ,
ਲਗੇ ਨੀ ਸਤਾਣ ਹੁਣ,

ਤੂੰ ਵੀ ਕੈਦਖਾਨੇ ਲਈ,
ਹੋ ਜਾ ਤਿਆਰ !
(ਬੋਲ ਮਰਦਾਨਿਆ ਸਤਿ ਕਰਤਾਰ)

ਕਰਦਾ ਸੈਂ ਮੌਜਾਂ ਕਦੇ,
ਆਪਣੇ ਮਕਾਨ ਵਿਚ,
ਪੀਹ ਹੁਣ ਚਕੀ,
ਜੇਹਲਖਾਨੇ ਵਿਚਕਾਰ !
(ਬੋਲ ਮਰਦਾਨਿਆਂ ਸਤਿ ਕਰਤਾਰ)

ਕੀਤੇ ਪਰਵਾਰ ਵਿਚ,
ਬਹੁਤ ਹੀ ਅਨੰਦ ਅਗੇ,
ਸਾਰੇ ਪਰਵਾਰ ਵਲੋਂ,
ਮੋਹ ਨੂੰ ਵਿਸਾਰ !
(ਬੋਲ ਮਰਦਾਨਿਆਂ ਸਤਿ ਕਰਤਾਰ)

ਲੋਕਾਂ ਨੂੰ ਛੁਡਾਵਣਾਂ ਤੇ,
ਕੌਮ ਨੂੰ ਬਨਾਵਣਾ ਹੈ,

51

ਇਸ ਪਿਛੇ ਸਾਰੇ,
ਹੁਣ ਦੁਖੜੇ ਸਹਾਰ !
(ਬੋਲ ਮਰਦਾਨਿਆਂ ਸਤਿ ਕਰਤਾਰ)

ਸੂਲਾਂ ਦੀਆਂ ਸੇਜਾਂ ਸਦਾ,
ਉਸੇ ਦੇ ਹੀ ਭਾਗ ਵਿਚ,
ਦੂਜਿਆਂ ਦੇ ਲਈ,
ਜੇਹੜਾ ਕਰੇ ਉਪਕਾਰ !
(ਬੋਲ ਮਰਦਾਨਿਆਂ ਸਤਿ ਕਰਤਾਰ)
(ਹੁਲਾਸ)

## ਧ੍ਰਿਗ ਅਸਾਡੜਾ ਖਾਵਣਾ ਜੀ

ਸਾਡੇ ਵੀਰ ਵਿਚ ਜੇਹਲਾਂ ਦੇ ਪਏ ਰੁਲਦੇ,
ਧ੍ਰਿਗਕਾਰ ਅਸਾਡੜਾ ਖਾਵਣਾ ਜੀ ।
ਜਿਚਰ ਇਨਾਂਦੀ ਅਸੀ ਨਾ ਸਾਰ ਲਈਏ,
ਧ੍ਰਿਗ ਕਪੜਾ ਅੰਗ ਹੰਢਾਵਣਾ ਜੀ ।

ਵੀਰੋ ਮੇਰਿਓ ਬਹੁੜਨਾ ਬਹੁਤ ਛੇਤੀ,
ਘਰੀਂ ਪੁਜਕੇ ਦਾਨ ਪੁਚਾਵਣਾ ਜੀ।
ਪੜ੍ਹਦੇਸਾਰ ਇਹ ਪਤ੍ਰਕਾ ਜਲਦ ਵੀਰੋ,
ਮੁਸਾਫਰ ਵਾਂਗ ਦਿਲ ਮੋਮ ਬਨਾਵਣਾ ਜੀ।
(ਮੁਕੰਦ ਸਿੰਘ ਮੁਸਾਫਰ ਗੁਜਰਖਾਨ)

## ਕੈਨੇਡੀਅਨ ਸਿੱਖ

ਸੈਆਂ ਕੋਹਾਂ ਤੇ ਜਾ ਫਰਿਆਦ ਪੌਂਚੀ,
ਵੇਖੋ ਖੂਨ ਸ਼ਹੀਦਾਂ ਦਾ ਰੁਲਿਆ ਜੇ!
ਦਰਦ ਵਾਲਿਆਂ ਰਿਹਾ ਨ ਸਬਰ ਮੂਲੋਂ,
ਖਾਣਾ ਪੀਵਣਾ ਉਨ੍ਹਾਂ ਨੂੰ ਭੁਲਿਆ ਜੇ!
ਕਿੰਨੇ ਜੀਂਵਦੇ ਮੋਏ ਤੇ ਚੜੇ ਫਾਂਸੀ,
ਅਜੇ ਭੇਦ ਨਾ ਪੰਥ ਤੇ ਖੁਲ੍ਹਿਆ ਜੇ!
ਜਾਕੇ ਹੋਰ ਨਨਕਾਣੇ ਦੇ ਵਿਚ ਵੇਖੋ,
ਨਵਾਂ ਖੂਨ ਸ਼ਹੀਦਾਂ ਦਾ ਡੁਲਿਆ ਜੇ!

# ਜੇਹਲੀ ਵੀਰ

ਬੰਦੀ ਛੋੜ ਮਹਾਰਾਜ ਹੇ ਗੁਰੂ ਨਾਨਕ,
ਵੇਖ ਜ਼ਾਲਮਾਂ ਹਿੰਦ ਸਤਾਇਆ ਏ।
ਬਾਲ, ਬਿਰਧ,ਨਾਰੀ,ਭਾਰਥ ਦੁਖੀ ਸਾਰੀ
'ਗੁਰ ਪੁਰਬ' ਤੇਰਾ ਉਤੋਂ ਆਇਆ ਏ।
ਅਸੀਂ 'ਜੀ ਆਇਆਂ' ਰਲ ਆਖਣਾ ਸੀ,
ਐਪਰ ਵੱਸ ਨ ਕੁਝ ਰਹਾਇਆ ਏ।
'ਸ੍ਵੈਰਾਜ' ਬਖਸ਼ੋ ਜੇਹਲੋਂ ਬਾਹਰ ਆਈਏ,
ਵਰ ਪ੍ਰਭੂ ਵਾਲਾ ਦਿਨ ਆਇਆਏ।

# ਗੁਰੂ ਨਾਨਕ

ਮੈਂ ਕੁਰਬਾਨ, ਕੁਰਬਾਨੀਆਂ ਕੀਤੀਆਂ ਜੋ।
ਹਿਰਦੇ ਸਾਰੀਆਂ ਯਾਦ ਕਰਾਲੀਆਂ ਨੇ।
ਹਿਰਦੇ ਰਬ ਦੇ ਉਹ ਯਕੀਨ ਹੋਯਾ,
'ਸ੍ਵੈਰਾਜ' ਲੈਣਾ ਹੈ ਅਕਾਲੀਆਂ ਨੇ।

ਪਹੁੰਚਾ ਮੈਂ ਭੀ ਸਾਂ ਜਿਸ ਨੂੰ ਜੇਲ੍ਹ ਆਖੋ,
ਇਹ ਆਜ਼ਾਦੀ ਦੀਆਂ ਘਟਾਂ ਕਾਲੀਆਂ ਨੇ।
ਦੁਖ ਝੱਲਕੇ ਸੁਖੀ ਸੰਸਾਰ ਕਰਨਾ,
'ਗੁਰ ਸਿਖੀ' ਦੀ ਰੀਤ ਨਰਾਲੀਆਂ ਨੇ।

(ਬਿਸਰਾਮ ਸਿੰਘ ਗਿਆਨੀ)
ਜਿਲਦ ੨ ਨੰ:੭੯

## ਕੈਦੀਆਂ ਦੇ ਬਚੇ

[ਵਲੋਂ ਹੀਰਾ ਸਿੰਘ ਦਰਦ]

ਮਾਰੂ ਬਲਾ ਵਿਚ ਹਾਇ ਦੁਪਹਿਰ ਕੜਕੇ,
ਛਾਂ ਲਭਦੀ ਨਹੀਂ ਕਿਸੇ ਰੁਖਦੀ ਏ।
ਛਾਇਆ ਪਿਤਾ ਦੀ ਜੇਹਲ ਵਿਚ ਬੰਦ ਹੋਏ,
ਮਾਤਾ ਅਗਦੇ ਵਾਂਗ ਪਈ ਧੁਖਦੀ ਏ।
ਗੋਦੀ ਸੇਕ ਦੀ ਵਿਚ ਪਏ ਤੜਫਦੇ ਹਾਂ,
ਲੋਰੀ ਮਿਲੇ ਹੁਣ ਬਚੇ ਨੂੰ ਭੁਖਦੀ ਏ।

55

ਸਾਥੀ ਖੇਡਣੇ ਨੂੰ 'ਦਰਦ' 'ਆਹ' 'ਰੋਣਾ'
ਇਹ ਕਥਾ ਅਸਾਡੜੇ ਸੁਖਦੀ ਏ ।

## ਠੰਡੀ ਪੌਣ ਤੂੰ ਜੇਲਾਂ ਵਲ ਵਗਨੀ

(ਵਲੋਂ ਭਾਈ ਸੰਤੋਖ ਸਿੰਘ)

ਟੇਕ—(ਆਸਵਰੀਆਂ ਕਰਕੇ ਵਾਜੇ ਦੀ ਸੁਰ ਤੇ ਜਾਂ ਬਾਂਸਰੀ ਤੇ)

ਠੰਡੀ ਪੌਣ ਪ੍ਰਤੇ ਦੀ ਪਿਆਰੀ,
ਜੇਲਾਂ ਵਲ ਤੂੰ ਵਗ ਨੀ ।
ਵੀਰ ਤੜਪਦੇ ਕੈਦਾਂ ਅੰਦਰ,
ਜਾਇ ਉਨਾਂ ਨੂੰ ਲਗ ਨੀ ।
ਬਾਹਰ ਤਾਂ ਕਝ ਫਿਰ ਵੀ ਠੰਡਕ,
ਵਿਚ ਕੈਦਾਂ ਦੇ ਅਗ ਨੀ ।
ਵੀਰ ਅਸਾਡੇ ਅਜੇ ਨ ਛੁਟਦੇ,
ਅਸਾਂ ਕੀ ਜੀਣਾ ਜਗ ਨੀ ।

ਛੇਤੀ ਪੁਜਕੇ ਦੇਈਂ ਸਨੇਹਾ,
ਪਾਸ ਵੀਰਾਂ ਦੇ ਜਾਕੇ।
ਸਾਡੇ ਹਿਰਦੇ ਠੰਡ ਨ ਪੈਂਦੀ,
ਜਦੋਂ ਨ ਮਿਲਸੋ ਆਕੇ।
ਸਮਾਂ ਬੀਤਿਆਂ ਹਥ ਨ ਆਵੇ,
ਰੋਈਏ ਸ਼ੇਰ ਸਦਾਕੇ।
ਨੀਂਦਰ ਸਭ ਹਰਾਮ ਅਸਾਨੂੰ,
ਲਈਏ ਨ ਵੀਰ ਛੁਡਾਂਕੇ।

---

ਐ ਸਰਕਾਰ ਕੀ ਹੋਗਿਆ ਤੈਨੂੰ,
ਸਿਖ ਬਣੇ ਫਰਯਾਦੀ।
ਸਿੱਖਾਂ ਜਿਹਾ ਨ ਸਹਾਈ ਕੋਈ,
ਤੁਹਾਡਾ ਆਦ ਜੁਗਾਦੀ।
ਲੋਥਾਂ ਨਾਲ ਜਮੀਨਾਂ ਭਰੀਆਂ,
ਘੋਲ ਤੁਸਾਂ ਥੋਂ ਆਦੀ।
ਵੀਰ ਅਸਾਡੇ ਜੇਲਾਂ ਅੰਦਰ,
ਵਾਹ ਵਾਹ ਮਿਲੀ ਅਜ਼ਾਦੀ।

# ਸਾਡਾ ਹਾਲ

## ਕਾਲੇ ਪਾਣੀ ਵਾਲਿਆਂ ਦੀ ਸਿੱਕ

[ਵਲੋਂ ਭਾਈ ਮੋਹਣ ਲਾਲ ਜੀ
ਦੀਵਾਨ ਅਕਾਲੀ ਲਾਹੌਰ]

ਹਾਲ ਆਪਣਾ ਦਸੀਏ ਜਾ ਕਿਥੇ,
ਮੇਹਰਬਾਨ ਸਾਰੇ ਮੂੰਹ ਮੋੜ ਬੈਠੇ।
ਜਿਨ੍ਹਾਂ ਵਾਸਤੇ ਅਸਾਂ ਨੇ ਦੁਖ ਝਲੇ,
ਓਹਤਾਂ ਨਾਲ ਹੋਰਾਂ ਦਿਲ ਜੋੜ ਬੈਠੇ।
ਛਡੇ ਭੈਨ ਭਾਈ ਨਾਲੇ ਬਾਪ ਮਾਈ,
ਤੁਸਾਂ ਵਾਸਤੇ ਸਭ ਕੁਝ ਛੋੜ ਬੈਠੇ।
ਤੁਸੀ ਸੁਖਾਂ ਦੇ ਵਿਚ ਹੀ ਮੌਜ ਲੁਟੋ,
ਅਸੀ ਦਿਲ ਦੇ ਲਹੂ ਨਿਚੋੜ ਬੈਠੇ।

++

ਕੀਕਰ ਘਰਾਂ ਵਿਚ ਤੁਸੀ ਅਰਾਮ ਕਰਦੇ,
ਸਾਡਾ ਛੱਡ ਖਿਆਲ ਪੰਜਾਬੀਓ ਵੇ।

ਸਾਡੇ ਦੁਖ ਤੇ ਦਰਦ ਨੂੰ ਵੇਖਕੇ ਤੇ,
ਹੋਵੇ ਕਦੀ ਦਿਆਲ ਪੰਜਾਬੀਓ ਵੇ।
ਹੋਵੋ ਕੋਲ ਤੇ ਦਸੀਏ ਖੋਲ੍ਹ ਯਾਰੋ,
ਜੇਹੜਾ ਅਸਾਂ ਦਾ ਹਾਲ ਪੰਜਾਬੀਓ ਵੇ।
ਤੁਹਾਡੇ ਮਿਲਨਦੀ ਅਸਾਂ ਨੂੰ ਤੜਪ ਲਗੀ,
ਨਹੀਂ ਛੱਡਦਾ ਜਾਲ ਪੰਜਾਬੀਓ ਵੇ।

--

ਤੁਸੀਂ ਪੀਵਂਦੇ ਠੰਡੜੇ ਠਾਰ ਪਾਣੀ,
ਸਾਨੂ ਕਢਕੇ ਕਾਲਿਆਂ ਪਾਨੀਆਂ ਨੂ।
ਆਪ ਟਬਰਾਂ ਦੇ ਵਿਚ ਖੁਸ਼ੀ ਵਸੋ,
ਸਾਨੂਖੋਭਕੇ ਬਿਰਹੁੰਦੀਆਂ ਕਾਨੀਆਂਨੂ।
ਸਦ ਲਵੋ ਜੇ ਅਸਾਂ ਨੂ ਹਿੰਦ ਅੰਦਰ,
ਮਿਲ ਜਾਵੀਏ ਅਪਨੇ ਜਾਨੀਆਂ ਨੂ।
ਹੋਕੇ ਪ੍ਰੇਮ ਦੀਵਾਨੜੇ ਵ੍ਰਿਚ ਜੇਹਲਾਂ,
ਕਰਦੇ ਯਾਦ ਹਾਂ ਗੁਰੂ ਦੀਬਾਨੀਆਂਨੂ।

--

## ਵਿਛੜੀਆਂ ਰੂਹਾਂ ਦਾ ਬ੍ਰਿਹੋਂ

[ਵਲੋਂ ਸ੍ਰੀ ਮਾਨ ਭਾਈ ਸੁੰਦਰ ਸਿੰਘ ਜੀ
ਲਾਇਲ ਪੁਰੀ]

ਬੀਰ ਖਾਲਸਾ ਵੀਰ ਤੁਸਾਡੜੇ ਜੀ,
ਵਿਚ ਜੇਹਲਾਂ ਦੇ ਦੁਖ ਉਠਾਉਂਦੇ ਪਏ ।
ਪਿਆਰੀ ਕੌਮ ਦੇ ਕਸ਼ਟ ਘਟਾਣ ਬਦਲੇ,
ਹਵਨ ਆਪਣਾ ਆਪ ਕਰਾਂਉਂਦੇ ਪਏ ।
ਹਾਇ ਕੌਮਤੂ ਕਿਸਤਰ੍ਹਾਂ ਚੈਨ ਮਾਨੇ,
ਜਿਸਦੇ ਲਾਲ ਅਜ ਖਾਕ ਰੁਲਾਉਂਦੇ ਪਏ ।
ਰਤਨ ਪੰਥ ਦੇ ਬੀਰ ਰਣਧੀਰ ਸਿੰਘ ਜੀ,
ਅੰਡੇਮਨ ਸਵਰਗ ਬਣਾਉਂਦੇ ਪਏ ।

++

ਦਿਲ ਦੁਖਾਂ ਦੇ ਨਾਲ ਭਰਪੂਰ ਹੋਏ,
ਘਟਾਂ ਕਾਲੀਆਂ ਉਪਰੋਂ ਛਾ ਰਹੀਆਂ ।
ਸੁੰਦਰ ਫੁਲ ਚੰਬੇਲ ਜੋ ਖਿੜੇ ਰਹਿੰਦੇ,
ਅਜ ਡਾਲੀਆਂ ਓਹ ਕੁਮਲਾ ਰਹੀਆਂ ।

ਜਿਨਾਂ ਹੁੰਦਿਆਂ ਬਾਗ ਸਹਾਂਵਦੇ ਸਨ,
ਹਾਇ ਪਿੰਜਰੀਂ ਓਹ ਕੁਰਲਾ ਰਹੀਆਂ ।
ਓਹ ਕੋਇਲਾਂ ਬੁਲਬੁਲਾਂ ਸੋਹਣੀਆਂ ਜੀ,
ਅੰਡੇਮਨ ਵਿਚ ਅੱਜ ਸੁਹਾ ਰਹੀਆਂ ।

++

ਬਸ ਗੋਲੀਆਂ ਤਾਂ ਕੀਤੀ ਬਸ ਡਾਇਰ,
ਵਾਹਵਾ ਲਭਿਆ ਖੂਬ ਸ਼ਿਕਾਰ ਤੂੰ ਭੀ ।
ਜੇਕਰ ਅਜੇ ਭੀ ਬਚੇ ਸ਼ਿਕਾਰ ਤੇਰਾ,
ਤੇਰਾ ਦੋਸ਼ ਨਹੀਂ ਹੋਇਓਂ ਲਾਚਾਰ ਤੂੰ ਭੀ ।
ਨੇਕ ਨੀਤ ਸੀ ਕਹੇ ਸ੍ਰਕਾਰ ਡਾਇਰ,
ਭੁਲਣ ਹਾਰ ਨਹੀਂ ਸਾਡੀ ਸ੍ਰਕਾਰ ਤੂੰ ਭੀ ।
ਭੈੜੇ ਹਾਲ ਬੇਹਾਲ ਕੁਹੌਣ ਨਾਲੋਂ,
ਬਿਜਲੀ ਮਾਰ ਇਕਵਾਰ ਕਰਤਾਰ ਤੂੰ ਭੀ ।

++

ਵਗੀ ਵਾਓ ਅਵੱਲੜੀ ਸਮੇਂ ਉਲਟੇ,
ਦੁਨੀਆਂ ਧਰਮ ਈਮਾਨ ਤੋਂ ਹਲ ਗਈ ਜੇ ।

ਦੇਖੋ ਗਊ ਗਰੀਬ ਬੇਹਥਿਆਂ ਤੇ,
ਗੋਲੀ ਜਲ੍ਹਿਆਂ ਬਾਗ ਵਿਚ ਚਲ ਗਈਜੇ।
ਵਾਹਦੇ ਕਰਨ ਤੇ ਫਿਰਨ ਵਜੀਰ ਵਡੇ,
ਭੈੜੀ ਚਾਲ ਕਲੇਜੜਾ ਸਲ ਗਈ ਜੇ।
ਛਡੀਂ ਆਸ ਬੇਗਾਨੜੀ 'ਲਾਇਲਪੁਰੀਆ'
ਖੜੇ ਹੋ ਪੈਰੀਂ ਨਹੀਂ ਤਾਂ ਗਲ ਗਈ ਜੇ।

++

## ਭਜ ਭਜ ਸ਼ਹੀਦੀਆਂ ਪਾਂਵਦੇ ਸਾਂ

[ ਵਲੋਂ ਭਾਈ ਦਿਆਲ ਸਿੰਘ ਜੀ ]

ਹੋਇਆ ਕੀ ਜੇ ਦੁਖੜੇ ਪਏ ਸਿਰ ਤੇ,
ਅਸਾਂ ਜੇਲ੍ਹ ਨੂ ਖੰਡ ਬਨਾਵਣਾ ਹੈ।
ਜਿਵੇਂ ਖੂਹ ਕਿਆਰੀਆਂ ਖੇਡਦੇ ਹਾਂ,
ਖੇਡ ਖੇਡ ਕੇ ਝਟ ਟਪਾਵਣਾ ਹੈ।
ਨਾਲ ਧਰਮ ਦੇ ਜ਼ੁਲਮ ਦਾ ਭੇੜ ਕੈਸਾ,
ਅੰਤ ਜ਼ੁਲਮ ਨੇ ਨਾਸ ਹੋ ਜਾਵਣਾ ਹੈ।

ਰਖੋ ਹਿੰਦੀਓ ਸਿਦਕ ਯਕੀਨ ਕਾਇਮ,
ਅੰਤ ਧਰਮ ਨੇ ਹੀ ਜਿਤ ਜਾਵਣਾ ਹੈ।

---

ਸਿੰਘੋ ਕਰੋ ਖਾਂ ਯਾਦ ਉਸ ਵੇਲੜੇ ਨੂੰ,
ਭੱਜ ਭੱਜ ਸ਼ਹੀਦੀਆਂ ਪਾਵੰਦੇ ਸਾਂ।
ਆਣ ਗਈ ਤੇ ਜਾਵੰਦੀ ਜਾਨ ਸਮਝੋ,
ਈਹੋ ਗੀਤ ਸੁਹਾਵਣੇ ਗਾਵੰਦੇ ਸਾਂ।
ਕਰੋ ਯਾਦ ਸ਼ਹੀਦੀਆਂ ਪਿਛਲੀਆਂ ਨੂੰ,
ਹੱਸ ਹੱਸਕੇ ਸੀਸ ਲਹਾਵੰਦੇ ਸਾਂ।
ਦਸਮੇ ਗੁਰੂ ਦੇ ਸਿੱਖ ਨੂ ਭਉ ਕਾਹਦਾ?
ਸਾਈਂ ਬਾਝ ਨਾ ਸੀਸ ਨਿਵਾਂਵੰਦੇ ਸਾਂ।

---

## ਸਰਦਾਰ ਮੰਗਲ ਸਿੰਘ ਜੀ ਦਾ ਸੁਨੇਹੜਾ

(ਵਲੋਂ ਭਾ: ਨਿਹਾਲ ਸਿੰਘ ਜੀ ਅੰਮ੍ਰਿਤਸਰ)

ਮੇਰੇ ਪਿਆਰਿਓ ਗੁਰੂ ਦੁਲਾਰਿਓ ਜੀ,
ਕਰਨਾ ਗੰਮ ਨਾ ਤੁਸਾਂ ਰੁਵਾਲ ਮੇਰਾ।

63

ਹੋਇਆ ਕੀ ਜੇ ਜ਼ਾਲਮਾਂ ਪਕੜ ਲਿਆ,
ਰੈਹਿਸੀ ਮਨ ਤੁਹਾਡੜੇ ਨਾਲ ਮੇਰਾ।
ਮੇਰਾ ਪਕੜ ਸਰੀਰ ਕੈਦ ਕੀਤਾ,
ਖੁਲ੍ਹਾ ਫਿਰੇ ਅਜ਼ਾਦ ਖਿਆਲ ਮੇਰਾ।
ਲਗੇ ਧਰਮ ਖਾਤਰ ਜਿਵੇਂ ਸੀਸ ਸਿਖਾਂ,
ਕਰੋ ਬਿਨੇ ਆਵੇ ਤਿਵੇਂ ਕਾਲ ਮੇਰਾ।

++

ਦੇਸ਼ ਪ੍ਰੇਮ ਖਾਤਰ ਮਿਲਦੀ ਜੇ ਫਾਂਸੀ,
ਸਰੀਰ ਝਲਦਾ ਸ਼ੁਕਰ ਦੇ ਨਾਲ ਮੇਰਾ।
ਇਕ ਰਿਹਾ ਅਫਸੋਸ ਹੈ ਦਿਲ ਮੇਰੇ,
ਸੇਵਾ ਵਿਚ ਨਾ ਬੀਤਿਆ ਸਾਲ ਮੇਰਾ।
ਐ ਪੰਥ ਦੇ ਬੀਰ ਦੁਲਾਰਿਓ ਜੀ,
ਅਗੇ ਆਪ ਦੇ ਇਕ ਸਵਾਲ ਮੇਰਾ।
ਹੋਵੇ ਬੀਰ ਅਕਾਲੀ ਨਾ ਬੰਦ ਕਦੇ,
ਯੁਗਾਂਤ੍ਰ ਵਾਂਗ ਨਿਕਲੇ ਏ ਖਿਯਾਲ ਮੇਰਾ।

++

ਸਿਖ ਜੜ ਕੁਰਬਾਨੀਆਂ ਤੋਂ ਲਗੀ,
ਜੇਹੜੀ ਜੁਲਮ ਦੀ ਮੇਖ ਉਖਾੜ ਦੇਵੇ।
ਨੌਕਰਸ਼ਾਹੀ ਦਾ ਜੁਲਮ ਵੀ ਦੂਰ ਹੋਊ,
"ਆਹ" ਬੇਗੁਨਾਹ ਦੀ ਸਾੜ ਦੇਵੇ।
ਨਹੀਂ ਕੁਝ ਪ੍ਰਵਾਹ ਪ੍ਰਵਾਨਿਆਂ ਨੂੰ,
ਸ਼ਮਾਂ ਹੋਰ ਜੇਹਲੀ ਲਖਾਂ ਵਾੜ ਦੇਵੇ।
ਸਿੰਘ ਧਾਰ ਅਵਤਾਰ ਸਵੈਰਾਜ ਆਉ,
ਜ਼ਾਲਮ ਨਪ ਹਰਨਾਸ਼ਕ ਨੂੰ ਪਾੜ ਦੇਵੇ।

## ਮੰਗਲ ਪੂਰਾ

ਵਾਹ ਵਾਹ ਸਿਰਜਨਹਾਰ ਪ੍ਰਭੂ,
ਤੂੰ ਸੱਚ ਖੰਡ ਜੇਲ੍ਹ ਬਣਾਯਾ।
ਖੂਬ "ਸ਼ਿੰਗਾਰ" ਕਵਾਟਰ ਤਾਂਈ,
"ਮੰਗਲ" ਚਾਇ ਵਧਾਯਾ।
ਨੌਕਰ ਸ਼ਾਹੀ ਨੂੰ ਹੁਣ ਆਖੋ,
ਕੋਠੜੀਆਂ ਬਣਵਾਵੇ।

"ਮੰਗਲਪੁਰ" ਦਾ ਵਾਸ ਸੋਹਣਾ,
ਸਿਖਾਂ ਦੇ ਮਨ ਭਾਵੇ ।
ਫਰਸ਼ ਵਿਛਾਈ ਹੈ ਸੁਖਦਾਈ,
ਸੇਜ ਸੁਖਾਵੇਂ ਨਾਹੀ ।
ਲੂਚੀ ਪੂਰੀ ਹੈ ਸੁਖਦਾਈ,
ਸਤਨਾਜਾ ਪਕਵਾਈ ।
ਹੋਣਾ ਹੁਣ ਮੈਂਹਮਾਨ ਸਿਖਾਂ ਨੇ,
ਨੌਕਰ ਸ਼ਾਹੀ ਤੇਰਾ ।
ਕਰ ਪ੍ਰਬੰਧ ਬਣਾ ਦੇ ਛਬਦੇ,
ਗੁਰ ਸਿਖਾਂ ਲਈ ਡੇਰਾ ।
ਵਿਚ ਮਜਲਸਾਂ ਬੈਠਣ ਵਾਲੇ,
ਬਿਨ "ਮੰਗਲ" ਕਿਵ ਰਹੀਏ ।
ਜਿਥੇ ਹੋਏ ਨਾ ਆਨੰਦ "ਮੰਗਲ",
ਮਜਲਸ ਕਿਊਂ ਕਹੀਏ ।
ਜਿਥੇ ਭੀ ਉਸ ਪੁਰਸ਼ ਸੁੰਦਰ ਦੀ,
ਮੈਹਕ ਸੁਹਾਈ ਟਪਕੇ ।

ਭੌਰਿਆਂ ਤਾਈਂ ਉਹ ਫੁਲਵਾੜੀ,
ਛੱਬ ਦਸੋ ਮੈਂ ਸਦਕੇ ।
("ਭਾਨ" ਗੁਜਰਖਾਨ)

++

# ਪਹਾੜਾਂ ਤੇ ਬੈਠੇ ਵੀਰ ਤੇ ਜੇਲ੍ਹਾਂ ਵਿਚ ਤੜਫਦੇ ਵੀਰ

[ਵਲੋਂ ਸੰਤੋਖ ਸਿੰਘ]

ਤੁਸਾਂ ਭਖੋ ਪਹਾੜਾਂ ਦੀ ਵਾਉ ਠੰਡੀ,
ਵੀਰ ਜੇਲ੍ਹਾਂ ਦੇ ਵਿਚ ਜਲੀਂਵਦੇ ਜੀ ।
ਠੰਡੇ ਜਲ ਦੇ ਪੀਓ ਗਿਲਾਸ ਤੁਸੀ
ਵੀਰ ਦੁਖਾਂ ਦੇ ਘੁਟ ਪਏ ਪੀਂਵਦੇ ਜੀ ।
ਠੰਡੀ ਜਗ੍ਹਾਂ ਤੇ ਟੱਬਰਾਂ ਨਾਲ ਤੁਸੀਂ,
ਟਬਰਵੀਰਾਂ ਦੇ ਬਿਰਹੁ ਤਲੀਂਵਦੇ ਜੀ ।
ਵੀਰ ਜੇਲ੍ਹਾਂ ਦੇ ਵਿਚ ਜੇ ਪਏ ਅਜੇ,
ਤੁਸਾਂ ਕਿਸ ਤੇ ਅਜੇ ਪਏਂ ਜੀਂਵਦੇ ਜੀ ।

67

ਨਾਨਕ ਗੁਰੂ ਜੀ ਤਰਸ ਕਰ ਬਚਿਆਂ ਤੇ,
ਜਿਵੇਂ ਕੀਤਾ ਰੁਹੇਲ ਖੰਡ ਜਾਇਕੇ ਤੇ।
ਕੰਨ ਖੋਲ੍ਹ ਰੁਹੇਲੇ ਬੇਤਰਸੀਆਂ ਦੇ,
ਕੋਈ ਪ੍ਰੇਮ ਦੀ ਗਲ ਸਮਝਾਇਕੇ ਤੇ।
ਐ ਹਰੀ ਗੋਬਿੰਦ ਸਤਿਗੁਰੂ ਸਚੇ,
ਬੰਦੀ ਛੋੜ ਬਹਾਦਰ ਸਦਾਇਕੇ ਤੇ।
ਕੈਦਾਂ ਵਿਚੋਂ ਨਿਕਾਲ ਲੈ ਸਿਖ ਆਪਣੇ,
ਚੋਗੇ ਕਲੀਆਂ ਆਪ ਫੜਾਇਕੇ ਤੇ।

## ਡਾਇਰ ਤੇ ਮਾਰਸ਼ਲ-ਲਾ ਤੇ ਮੁਤਫਰਕ ਰਾਜਸੀ ਕਵਿਤਾ

++

## ਧਕੇਸ਼ਾਹੀ ਦੀ ਟੁਟਸੀ ਕਮਾਨ ਕਦ ਤਕ ?

ਮੇਰੇ ਮਾਲਕਾ ਦੱਸ ਦੇਹ ਹੱਦ ਕੋਈ,
ਝੁਲਦੇ ਰਹਿਣਗੇ ਐਥੇ ਤੂਫਾਨ ਕਦਤਕ?

ਕਦੀ ਸੁਰਗ ਬਗੀਚੜਾ ਹਿੰਦ ਸਾਡਾ,
ਬਣਿਆ ਰਹੇਗਾਏਹਬੀਆਬਾਨਕਦਤਕ?
ਖਾਂਦੇ ਫਲ ਤੇ ਲਾਂਵਦੇ ਅਗ ਮਗਰੋਂ ?
ਬਣੇ ਰਹਿਣਗੇ ਓਹ ਬਾਗਬਾਨ ਕਦਤਕ ?
ਜਿਸਦੀ ਛਾਂ ਵਿਚ ਮਾਣਦੇ ਰਹੇ ਮੌਜਾਂ,
ਕਰਦੇ ਰਹਿਣਗੇ ਯਾਰੋ ਵੈਰਾਨ ਕਦਤਕ?

-+-+-

ਮਾਲੀ ਦੇਸਦੇ ਰਹਿਣਗੇ ਚੁਪ ਕਦ ਤਕ,
ਵੈਰੀ ਆਣਕੇ ਭੁਾਂਬੜ ਮਚਾਨ ਕਦ ਤਕ?
ਕੇਹੜੇ ਥਾਂ ਅਜਾਦੀ ਦੀਆਂ ਬੁਲਬੁਲਾਂ ਦੀ,
ਪਿੰਜਰੇ ਪੈਣਕੇ ਉਮਰਾਂ ਬਿਤਾਣਕਦਤਕ ?
ਕਦੀ ਆਵਸੀ ਤਰਸ ਸ਼ਿਕਾਰੀਆਂ ਨੂੰ ?
ਭੁੰਨ ਭੁੰਨਕਾਲਜੇ ਏਨ੍ਹਾਂਦੇ ਖਾਨ ਕਦਤਕ?
ਯਾਰੋ ਪੁਛੋ ਖਾਂ ਕੋਈ ਸੱਯਾਦ ਕੋਲੋਂ,
ਤੇਰੇ ਮੁਕਣਗੇ ਤੀਰੋ ਕਮਾਨ ਕਦ ਤਕ?

-+-+-

69

ਕਦੀ ਪੌਂਚਸੀ ਕੂਕ ਦਰਬਾਰ ਤੇਰੇ,
ਸਾਈਆਂ ਹੋਵਸੀਤੇਰਾ ਫੁਰਮਾਨ ਕਦਤਕ?
ਕਦੋਂ ਤੀਕ ਵਿਦਯਾਰਥੀ ਪਾਸ ਹੋਸੀ,
ਹੁੰਦੇ ਰਹਿਣਗੇਇਹਇਮਤਿਹਾਨਕਦ ਤਕ?
ਕਿਥੇਰੁਲਦੀਆਂ ਏ ਕੂਕਾਂ 'ਦਰਦ' ਭਰੀਆਂ;
ਦੇਵੇ ਕੋਈ ਨਾਂ ਯਾਰੋ ਧਿਆਨ ਕਦ ਤਕ?
ਗਾਂਧੀ ਰਾਮ ਨੂੰ ਮਿਲੇਗੀ ਕਦੋਂ ਸੀਤਾ,
'ਧੱਕੇਸ਼ਾਹੀ' ਦੀ ਟੁਟਸੀ ਕਮਾਨਕਦਤਕ?

"ਦਰਦ"

-+-

## ਫਾਂਸੀ ਤਾਂਈਂ ਉਹ ਸਦਾ ਹੀ ਕਰਨ ਹਾਸੀ, ਉਚੇ ਮੱਚ ਦੇ ਤਖਤ ਜੋ ਚੜ੍ਹੇ ਹੁੰਦੇ

ਸਦਾ ਦੁਖ ਨ ਕਿਸੇ ਦੇ ਤਈਂ ਪੀੜਨ,
ਜ਼ਾਲਮ ਸਦਾ ਨ ਜੁਲਮ ਤੇ ਅੜੇ ਹੁੰਦੇ!

ਚਿਲੇ ਤੀਰ ਨ ਸਦਾ ਹੀ ਕਿਸੇ ਰਹਿੰਦੇ,
ਘੋੜੇ ਸਦਾ ਬੰਦੂਕਾਂ ਨਾਂ ਚੜ੍ਹੇ ਹੁੰਦੇ !
ਪਤੇ ਬਾਗ ਨ ਸਦਾ ਹੀ ਝੜੇ ਰਹਿੰਦੇ,
ਸਦਾ ਧੁਪ ਤੁਫਾਨ ਨਾ ਗੜੇ ਹੁੰਦੇ !
ਸਦਾ ਕਿਸੇ ਦੇ ਸਿਰੀਂ ਨ ਤਾਜ ਸੋਂਹਦੇ,
ਕਾਸੇ ਕਿਸੇ ਨ ਸਦਾ ਹਥ ਫੜੇ ਹੁੰਦੇ !

++

ਦੁਖ ਭੁਖ ਦੀ ਨਹੀਂ ਪ੍ਵਾਹ ਕਰਦੇ,
ਜੇਹੜੇ ਵਿਚ ਘਸਮਾਨ ਦੇ ਵੜੇ ਹੁੰਦੇ !
ਸੂਲੀ ਤਾਈਂ ਦਲੇਰ ਕਹਿ ਦੇਣ ਕੰਡਾ,
ਲੜਨ ਸਚ ਦੇ ਲਈ ਜੋ ਖੜੇ ਹੁੰਦੇ !
ਮਰਨੋਂ ਡਰਨ ਨਾ ਜੇਹਲ ਨੂੰ ਖੇਲਜਾਨਣ,
ਝੰਡੇ ਸਚਦੇ ਜਿਨ੍ਹਾਂ ਹਥ ਫੜੇ ਹੁੰਦੇ !
ਫਾਂਸੀ ਤਾਂਈਂ ਉਹ ਸਦਾਹੀ ਕਰਨ ਹਾਸੀ,
ਉਹ ਸੱਚ ਦੇ ਤਖਤ ਜੋ ਚੜੇ ਹੁੰਦੇ !

++

71

ਜ਼ਾਲਮ ਰਹਿਣ ਨਾ ਜ਼ੁਲਮ ਹੀ ਬਾਦਜਾਂਦੇ,
ਚਿਤ ਜਿਨ੍ਹਾਂ ਦੇ ਜ਼ੁਲਮ ਤੋਂ ਸੜੇ ਹੁੰਦੇ !
ਪੀੜ ਹੱਟਦੀ ਜ਼ਖਮ ਜਦ ਹੋਣ ਅੱਛੇ,
ਫਿਰ ਭੀ ਜ਼ਖਮ ਨਿਸ਼ਾਨ ਹਨ ਖੜੇ ਹੁੰਦੇ !
ਐਪਰ ਕੀਰਤੀ ਉਨ੍ਹਾਂ ਦੀ ਸਦਾ ਹੁੰਦੀ,
ਜ਼ਾਲਮ ਨਾਲ ਜੋ ਸਚ ਲਈ ਲੜੇ ਹੁੰਦੇ !
ਬਚੇ ਕੌਮ ਦੇ ਜਦ ਇਤਹਾਸ ਪੜ੍ਹਦੇ,
ਸੂਰ ਬੀਰ ਦਲੇਰ ਉਹ ਖੜੇ ਹੁੰਦੇ !

(ਦਾਸ–ਇਕ ਸਿਖ)

## ਇਸ ਵਿਚ ਕੌਮ ਤੇ ਦੇਸ਼ ਦੀ ਸ਼ਾਨ ਹੋਵੇ !

ਅਸੀਂ ਸ਼ਾਂਤ ਪ੍ਰਿਯ, ਅਮਨ ਪਸੰਦ ਹਿੰਦੀ,
ਝਗੜੇ ਸ਼ੁਰੂ ਤੋਂ ਮੂਲ ਨਾਂ ਜਾਣਦੇ ਸਾਂ।
ਕਿਸੇ ਗੱਲ ਦਾ ਜੇ ਇਖਤਲਾਫ ਹੋਵੇ,
ਆਪੋ ਵਿੱਚ ਬਹਿਕੇ ਨਜਾਉਂ ਛਾਣਦੇ ਸਾਂ।

ਵੱਡੇ ਮਾਮਲੇ ਸਦਾ ਪੰਚੈਤ ਅੰਦਰ,
ਬਿਨਾਂ ਖਰਚ ਨਬੇੜ, ਸੁਖ ਮਾਣਦੇ ਸਾਂ।
ਇੱਜ਼ਤ ਆਪਣੀ ਆਪਣੇ ਹਥ ਰਖਦੇ,
ਕਿਸੇ ਓਪਰੇ ਤਾਂਈ ਨ ਸਜਾਣਦੇ ਸਾਂ।

-+-+-

ਨੌਕਰਸ਼ਾਹੀ ਦੀ ਚਾਲ ਵਿਚ ਆਣ ਹਾਇ,
ਨਿੱਤ ਨਵੇਂ ਝਗੜੇ ਅਸੀਂ ਪਾਨ ਲਗਪਏ।
ਝਗੜੇ ਬਾਜ ਤੇ ਕੁੱਤੇ ਕਚੈਰੀਆਂ ਦੇ,
ਕੰਮੀ ਆਪਣੀ ਆਪ ਸਦਾਨ ਲਗ ਪਏ।
ਕੁਕੱੜ ਵਾਂਗ ਉਡਾਇਕੇ ਖੇਹ ਅਪਨੀ,
ਆਪੇ ਆਪਣੇ ਸਿਰਾਂ ਤੇ ਪਾਨ ਲਗ ਪਏ।
ਪਰਗਟਗੁਪਤ ਸਭ ਮਾਮਲੇ ਨਿਜ ਘਰਾਂਦੇ,
ਗੈਰਾਂ ਪਾਸ ਜਾ ਨਸ਼ਰ ਕਰਵਾਨ ਲਗਪਏ।

-+-+-

ਸੱਕੇ ਵੀਰ ਨੂੰ ਕੈਦ ਕਰਵਾਨ ਖਾਤਰ,
ਠੂਡੇ ਪਜਾਦਿਆਂ ਦੇ ਜਾਕੇ ਖਾਂਵਦੇ ਹਾਂ।

73

ਅੱਖਾਂ ਮੀਟ ਕੇ ਦੌਲਤ ਲੁਟਾਂਵਦੇ ਹਾਂ,
"ਡੈਮ ਫੂਲ" ਭੂੰਗੇ ਵਿਚ ਕਹਾਂਵਦੇ ਹਾਂ।
ਤੁਛ ਗੱਲ਼ ਪਿੱਛੇ ਵਰਿਹਾਂ ਲਈ ਯਾਰੋ,
ਹਾਇ! ਕੋਰਟਾਂ ਤ:ਕ ਰਗੜਾਂਵਦੇ ਹਾਂ।
ਅੰਤਮ ਫੈਸਲੇ ਬਾਦ, ਜਦ ਜੋੜ ਦਿਸੇ,
ਦੋਵੇਂ ਧਿਰਾਂ ਬਹਿਕੇ ਪੱਲੂ ਪਾਂਵਦੇ ਹਾਂ।

++

ਛੱਡੋ ਦੇਸ ਤੋਂ ਝਗੜਨਾ ਅਤੇ ਲੜਨਾ,
ਏਹ ਤਾਂ ਖੁਆਰੀਆਂ ਸਦਾ ਸਮਾਨ ਹੋਵੇ।
ਖਾਸ ਮਾਮਲੇ ਵਿਚ ਪੰਚੈਤ ਨਿਪਟੇ,
ਇਸ ਵਿਚ ਕੌਮ ਤੇ ਦੇਸ਼ ਦੀ ਸ਼ਾਨ ਹੋਵੇ।
ਹਿੰਗ ਫਟਕੜੀ ਮੂਲ ਨਾਂ ਲੱਗੇ ਜਿੱਥੇ,
ਚੋਖਾ ਰੰਗ ਤੇ ਯੋਗ ਸਨਮਾਨ ਹੋਵੇ।
ਜਿੱਥੇ ਪ੍ਰੇਮ ਦੀ ਨੱਕ ਕਾਨੂਨ ਵਰਤੇ,
ਓਥੇ ਜਾਣ ਤੋਂ ਸਦਾ ਨੁਕਸਾਨ ਹੋਵੇ।

(ਬੱਧਾ ਸ਼ੇਰ)

## ਧਾਹੀਂ ਮਾਰ ਰੁੰਨੇ ਹਿੰਦੁਸਤਾਨ ਵਾਲੇ

ਸਾਡਾ ਦੇਸ਼ ਖੋਹਿਆ ਪਹਿਲੇ ਜੋਰ ਜੋਰੀ,
ਸ਼ਸਤਰ ਖੱਸ ਫਿਰ ਸਾਨੂੰ ਨਿਤਾਨ ਕੀਤਾ।
ਸੋਨੇ ਹੀਰਿਆਂ ਦੀ ਖਾਨਾ ਖੋਹ ਲਈਆਂ,
ਟਕੇ ਟਕੇ ਤੋਂ ਸਾਨੂੰ ਹੈਵਾਨ ਕੀਤਾ।
ਅੰਨ ਦਾਨਾ ਜਹਾਜ ਭਰ ਲੈਣ ਲੱਗੇ,
ਗਊਆਂ ਤਈਂ ਪਰਦੇਸ ਰਵਾਨ ਕੀਤਾ।
ਨੌਕਰਸ਼ਾਹੀ ਨੇ ਏਤਨੇ ਕੰਮ ਕਰਕੇ,
ਸਾਡੀ ਵਿਦਿਆ ਤੇ ਕਬਜਾ ਆਨ ਕੀਤਾ।

++

ਦੌਲਤ ਦੇਸ਼ ਉਤੇ ਕਬਜਾ ਰਹੇ ਕਰਦੇ,
ਸਾਰੇ ਪਾਤਸ਼ਾਹ ਜ਼ੋਰ ਤੇ ਤਾਨ ਵਾਲੇ।
ਐਪਰ ਵਿਦਆ ਕਿਸੇ ਨਾਂ ਕੈਦ ਕੀਤੀ,
ਖੁਲੇ ਰਹੇ ਸਦਾ ਪੜ੍ਹਨ ਪੜ੍ਹਾਨ ਵਾਲੇ।

ਪਹਿਲੇ ਪਹਿਲ ਏਨ੍ਹਾਂ ਨਵੀਂ ਚਾਲ ਕੱਢੀ,
ਰਾਜੇ ਬਣੇ ਅਚਰਜ ਇੰਗਲਿਸਤਾਨ ਵਾਲੇ।
ਕੋਹਲੂ ਵਿਚ ਸੁਰਸ੍ਵਤੀ ਏਹਨਾ ਜਕੜੀ,
ਧਾਈਂ ਮਾਰ ਰੁਨੇ ਹਿੰਦੁਸਤਾਨ ਵਾਲੇ।

—+—

ਸਚੀ, ਸੁਛ ਅਜ਼ਾਦ ਤਾਲੀਮ ਦੀ ਥਾਂ,
ਧਰਮੋਂ ਸੱਖਣੀ ਵਿਦਯਾ ਪੜ੍ਹਾਨ ਲੱਗੇ।
"ਵੱਡੇ ਤੁਸਾਂ ਦੇ ਮੂੜ ਬੇ ਅਕਲ ਹੈਸਨ"
ਹਿੰਦੀ ਬਚਿਆਂ ਤਾਈਂ ਸਿਖਾਨ ਲੱਗੇ।
ਪੁਸਤਕ ਅਤੇ ਇਤਿਹਾਸ ਮਨਘੜਤ ਰਚਕੇ,
ਵੀਰ ਵੀਰ ਦੀ ਦੁਸ਼ਮਨੀ ਪਾਨ ਲੱਗੇ।
ਦੇਸ਼ ਪ੍ਰੇਮ ਤੋਂ ਵਾਂਜ ਗਿਰਾਨ ਲੱਗੇ,
ਸ਼ੇਰ ਦਿਲਾਂ ਨੂੰ ਗਿੱਦੜ ਬਣਾਨ ਲੱਗੇ।

—+—

ਡੇਢ ਸਦੀ ਤੋਂ ਬਾਦ ਹੁਣ ਹੋਸ਼ ਆਈ,
ਪਤਾ ਲੱਗਿਆ, ਅਸੀਂ ਤਾਂ ਗਰਕ ਚੱਲੇ।

ਨਿਰਬਲ ਜਿਸਮ ਝੰਜੋੜਿਆ ਨਾਲ ਬਲ ਦੇ,
ਤੋੜਨ ਲੋਹੇ ਦੇ ਪਿੰਜਿਓਂ ਸਰਕ ਚੱਲੇ।
ਨੌਕਰਸ਼ਾਹੀ ਦੇ ਨੌਕਰਾਂ ਤਾਈਂ ਆਖੋ,
ਵਿਦਿਆ ਬੰਧਨ ਨੇ ਤੁਸ਼ਾਂ ਦੇ ਨਰਕ ਚੱਲੇ।
ਦੇਵੀ ਸੁਰਸ੍ਵਤੀ ਅਸਾਂ ਆਜ਼ਾਦ ਕਰਨੀ,
ਲਾਵੋ ਜ਼ੋਰ ਕਜੋਂ ਹੁਣੇ ਹੀ ਘਰਕ ਚੱਲੇ।
(ਬੱਧਾ ਸ਼ੇਰ)

## ਦੁਖੀ ਹਿਰਦੇ ਦੀ ਪੁਕਾਰ!

ਸੋਹਣੇ ਪੰਜ ਦਰਯਾਵਾਂ ਦੇ ਹੋਂਦਿਆਂ ਭੀ,
ਆਬ ਆਬ ਪਿਆ ਕਰੇ ਪੰਜਾਬ ਸਾਡਾ।
ਮੰਦੇ ਭਾਗਾਂ ਨੂੰ ਸੁਕਿਆ ਪ੍ਰੇਮ ਪਾਣੀ,
ਰਹੇ ਕਿਵੇਂ ਸ਼ਬਾਬ ਮਹਤਾਬ ਸਾਡਾ।
ਬੂਟੇ ਸੁਕ ਚਲੈ ਫੁਲ ਮੁਕ ਚਲੇ,
ਕੌਮੀ ਬਾਗ ਹੋ ਰਿਹਾ ਖਰਾਬ ਸਾਡਾ।

77

ਭੁਖ ਮਹਿੰਗ ਗੁਲਾਮੀ ਨੇ ਲਹੂ ਪੀਤਾ,
'ਜਿਗਰਾ-ਡਾਇਰ' ਨੇ ਕੀਤਾ ਕਬਾਬ ਸਾਡਾ।

++

ਰਹੀ ਹਿੰਦ ਵਿਚ ਮੂਲ ਨਾ ਜਿੰਦ ਯਾਰੋ !
ਕਬਰਿਸਤਾਨ ਹੋਯਾ ਹਿੰਦੁਸਤਾਨ ਸਾਡਾ।
ਤੁਰਦੇ ਅਸੀਂ ਫਿਰਦੇ ਪਰ ਹਾਂ ਠੀਕ ਮੁਰਦੇ,
ਡਰਦੇ ਵਿਚ ਘਰ ਦੇ ਕਿਥੇ ਸ਼ਾਨ ਸਾਡਾ।
ਵਾਂਗੂ ਬਰਦਿਆਂ ਅਸੀ ਸਲਾਮ ਕਰਦੇ,
ਪੇਟ ਭਾਰ ਚਲਾਣ ਇਹ ਮਾਨ ਸਾਡਾ।
ਸਾਡੇ ਮੁੰਡਿਆਂ ਦੇ ਨੰਗੇ ਪਿੰਡਿਆਂ ਤੇ,
ਮਾਰਨ ਬੈਂਤ ਤੇ ਕਰਨ ਅਪਮਾਨ ਸਾਡਾ।

++

ਹਾਇਕਹਿਰ! ਇਕ ਪਬਲਿਕਦਾਹੋਏਨੌਕਰ
ਸਾਡੀ ਪੱਤ ਨੂੰ ਹੱਥ ਪਿਆ ਪਾਂਵਦਾਂਏ।
ਗਾਹਲਾਂ ਕੱਢਦਾ ਥੁੱਕਦਾ ਦੇਵੀਆਂ ਤੇ,
ਘੁੰਡ ਲਾਂਹਵਦਾ ਨਹੀਂ ਸ਼ਰਮਾਵਦਾਏ।

ਗੋਲਾ ਹੋਰ ਸਰਕਾਰ ਦਾ ਲਾਲ ਸਾਡੇ।
ਰੋਜ਼ ਮੀਲ ਅਠਾਰਾਂ ਨਸਾਂਵਦਾਏ।
ਮਰਦੇ ਅਸੀਂ ਕਿਉਂ ਨਹੀਂ ਬੇਗੈਰਤੇ ਹਾਂ,
'ਲਾਰੰਸ ਬੁਤ' ਭੀ ਜਿਨ੍ਹਾਂ ਡਰਾਂਵਦਾਏ।

++

ਕੀਤਾ ਜੰਗ ਦੀ ਮਦਦ ਸੀ ਨੰਗ ਸਾਨੂੰ,
ਉਤੋਂ ਸ਼ਾਹ ਦੇ ਨੌਕਰ ਸਤਾਣ ਲੱਗੇ,
ਮਾਤਮ ਵੇਖ ਕੇ ਘਰੀਂ ਜੋ ਰੋਣ ਲਗੇ!
ਪਕੜ ਉਨ੍ਹਾ ਨੂੰ ਪਿੰਜਰੇ ਪਾਣ ਲਗੇ।
ਜ਼ਖਮੀਂ ਦਿਲਾਂ ਨੂੰ ਮਲ੍ਹਮ ਦੀ ਜਗਾਹ ਪਾਪੀ,
ਨਸ਼ਤਰ ਮਾਰਕੇ ਸਗੋਂ ਦੁਖਾਣ ਲੱਗੇ।
ਕਰਕੇ ਤੰਗ 'ਮਿਲਵਰਤਣ' ਦਾ ਵੰਗ ਸਾਨੂੰ,
ਨੌਕਰਸ਼ਾਹੀ ਦੇ ਖੂਬ ਸਿਖਾਣ ਲੱਗੇ।

"ਦੁਖਤ ਹਿਰਦਾ"

++

79

# ਛੱਡ ਦਿਓ!

## ਕਬਿੱਤ

ਛੱਡ ਦਿਓ ਕੌਂਸਲਾਂ ਏ
ਜਿਨਾਂ ਦੇ ਬਨਾਣ ਵਾਲੇ,
ਚੀਕ ਤੇ ਪੁਕਾਰ ਸਾਡੀ
ਜੁਤੀ ਹੇਠ ਲਾਂਵਦੇ ।
ਗੋਲੀਆਂ ਤੇ ਬੰਬ ਜੋ
ਵਰ੍ਹਾਂਵਦੇ ਨਿਹੱਥਿਆਂਤੇ,
ਢਿੱਡ ਭਾਰ ਦੇਵੀਆਂ ਤੇ
ਬਾਲਾਂ ਨੂੰ ਚਲਾਂਵਦੇ ।
ਕੌਂਸਲਾਂ ਦੇ ਵਿਚ ਫੇਰ
ਜ਼ਾਲਮਾਂ ਦੀ ਰਖਿਆਦਾ,
ਬਦੋ ਬਦੀ ਆਪ ਹੀ
ਕਨੂਨ ਚਾ ਘੜਾਂਵਦੇ ।

ਛੇਕ ਦਿਓ ਕੌਂਸਲਾਂ ਦੇ
ਸੁਾਰਥੀ ਉਮੈਦਵਾਰ,
ਦੇਸ਼ ਸੰਦਾ ਮਾਨ ਖਾਕ
ਵਿੱਚ ਜੋ ਮਿਲਾਂਵਦੇ ।

ਛੱਡ ਦਿਓ ਐਸਿਆਂ
ਉਪਾਧੀਆਂ ਖਿਤਾਬ ਸਾਰੇ,
ਜਿਨ੍ਹਾਂ ਦੇ ਛਟਾਂਕ ਛੋਲੇ
ਕੱਚੇ ਨਾਂ ਥਿਆਂਵਦੇ ।
ਜਿਨ੍ਹਾਂ ਦੀ ਤੁਫੈਲ ਚੰਗੇ
ਭਲੇ ਮਾਨ ਤਾਨ ਵਾਲੇ,
ਆਪ ਹੀ ਗੁਲਾਮੀਆਂ ਦੇ
ਤੌਕ ਗਲੇ ਪਾਂਵਦੇ ।
ਇਹੋ ਹੀ ਖਿਤਾਬ ਦੇਸ਼
ਘਾਤ ਦੀ ਸਿਖਾਣ ਜਾਚ,

81

ਲੋਕ ਪਰਲੋਕ ਵਿਚ
ਲੱਜਿਆ ਦਿਵਾਂਵਦੇ।
ਮੋੜਕੇਖਿਤਾਬ, ਆਖਦਿਓ
"ਸਰਕਾਰ ! ਅਸੀਂ,
ਸੋਹਣੇ ਨਾਮ ਨਾਲ ਭੈੜੀ
ਪੂਛ ਨਹੀਂ ਲਾਂਵਦੇ !"

++

ਛੱਡ ਦਿਓ ਐਸੀਆਂ
ਅਦਾਲਤਾਂ ਕਚੈਹਰੀਆਂ ਨੂੰ,
ਜਿਥੇ ਜਾ ਸਵਾਲੀਆਂ ਦੇ
ਕੁਲ ਬੀ ਵਿਕਾਂਵਦੇ।
'ਜਿਤਿਆ ਸੋ ਹਾਰਿਆ ਤੇ
ਹਾਰਿਆ ਸੋ ਮਾਰਿਆ' ਦੇ,
ਰੋਜ਼ ਹੀ ਡਰਾਵਣੇ ਨਮੂਨੇ
ਦਿਸ ਆਂਵਦੇ।

ਕਾਲਿਆਂ ਤੇ ਗੋਰਿਆਂ ਦੇ
ਅੱਡ ਨੇ ਕਨੂਨ ਜਿਥੇ,
ਪੱਖ ਪਤ ਛੁਰੀ ਨਾਲ
ਨਿਆਓਂ ਨੂੰ ਕਹਾਂਵਦੇ।
ਆਪਣੀ ਪੰਚੈਤ ਵਿਚ
ਮਾਮਲੇ ਨਬੇੜੋ ਆਪ-
ਕਾਸਨੂੰ ਗ਼ੁਲਾਮ ਦੀਨ
ਹੀਨ ਹੋ ਬਣਾਵਦੇ।

+ +

ਛਡ ਦਿਓ ਐਸੀਆਂ
ਅਤੇ ਕਾਲਜਾਂ ਨੂੰ,
ਬਚਿਆਂ ਦਾ ਆਤਮਾਂ ਨੂੰ
ਨੀਚ ਜੋ ਬਣਾਂਵਦੇ।
ਜਿਨ੍ਹਾਂ ਦੀ ਤੁਫੈਲ ਹਾਇ
ਜੇਠ ਜੇਹੀ ਧੁਪ ਵਿਚ,

83

ਠਾਰਾਂ ਠਾਰਾਂ ਮੀਲ
ਰੋਜ ਬਚੇ ਤੜਫਾਂਵਦੇ।
ਮੋਟੇ ਮੋਟੇ ਬਚਿਆਂ ਨੂੰ
ਛਾਂਟ ਛਾਂਟ ਬੇਕਸੂਰ,
ਭਿਜੇ ਹੋਏ ਬੈਂਤ ਮਾਰ
ਖਲੜੀ ਉਡਾਂਵਦੇ।
ਆਪਣੇ ਦੁਲਰਿਆਂ ਨੂੰ
ਵਿਦਿਆ ਅਜ਼ਾਦ ਦਿਓ,
ਕਾਸਨੂੰ ਗੁਲਾਮ ਦੀਨ
ਹੀਨ ਹੋ ਬਣਾਂਵਦੇ।

ਛੱਡ ਦਿਓ ਉਕਾ ਹੀ
ਖਰੀਦਣਾ ਵਲੈਤੀ ਮਾਲ,
ਜਿਦੀ ਦਯਾ ਨਾਲਅਸੀ
ਨਿੱਤ ਲੁਟੇ ਜਾਂਵਦੇ।

ਯੂਰਪੀ ਵਪਾਰੀ ਸਾਡੇ
ਸਿਰੋਂ ਮਾਲਾ ਮਾਲ ਹੋਣ,
ਸਾਡੇ ਕਾਰੀਗਰਾਂ ਤਾਂਈ
ਦਾਣੇ ਨਾਂ ਥਿਹਾਂਵਦੇ।
ਕੱਚਾ ਮਾਲ ਸਾਡਾ ਸੋਨਾਂ
ਚਾਂਦੀ ਸਾਡੇ ਦੇਸ਼ਦਾ ਹੀ,
ਸਾਥੋਂ ਹੀ ਕਮਾਇਸਾਨੂੰ
ਘੂਰੀਆਂ ਦਿਖਾਂਵਦੇ।
ਕਰੋ ਪਰੱਤਗਿਆ
ਸੁਦੇਸ਼ੀ ਮਾਲ ਲੇਵਣੇ ਦੀ
ਕਾਹੇ ਨਿਜ ਲਛਮੀ ਨੂੰ
ਫੂਕਕੇ ਗੁਵਾਂਵਦੇ।

-|-|-

ਚੰਚਲ ਏ ਚਿਤ ਜੇ
ਸਵਾਰਥਾਂ ਦੀ ਸੋਚ ਕਰੇ,

85

ਦੱਸਕੇ ਸਵਰਾਜ ਦੇ
ਅਨੰਦ ਏਨੂੰ ਹੋੜ ਲੋ।
ਪਿੰਜਰੇ ਦੇ ਪੰਛੀ ਵਾਂਗ
ਪਿੰਜਰੇ ਨੂੰ ਚੰਗਾ ਜਾਣ,
ਚਾਹੇ ਕੈਦ ਰਹਿੰਣਾ ਤਾਂ
ਵਿਚਾਰ ਨਾਲ ਮੋੜ ਲੋ।
ਆਪਣੀ ਨਰਾਜ਼ੀ
ਸਰਕਾਰਨੂੰ ਦਿਖਾਣ ਹੇਤ,
ਰੁਸਕੇ ਸਹੈਤਾ ਦੇ
ਤਅੱਲਕਕਾਤ ਤੋੜ ਲੋ।
ਸੁਖਾਂ ਤੇ ਅਨੰਦਾਂ ਦੇ
ਸਵਾਸ ਖੁਲੇ ਲੈਣ ਲਈ,
ਸਾਰਾ ਹੀ ਧਿਆਨ
ਸਵੈਰਾਜ ਵੱਲ ਜੋੜ ਲੋ।

(ਸਿੱਖ ਹਿਰਦਾ)

# ਮੰਗੀਏ ਹਕ ਤੇ ਨਜ਼ਰ ਮਿਲਾਨ ਕਿਉਂ ਨਹੀਂ

ਵਿਤੋਂ ਵਧਕੇ ਕੀਤੀਆਂ ਭੇਟ ਜਾਨਾ,
ਸੁਣਦੇ ਅਰਜ ਸਾਡੀ ਹੁਕਮਰਾਨ ਕਿਉਨਹੀਂ ।
ਅਗੇ ਭੇਜ ਕੁਹਾਇਆ ਭਾਇਆਂ ਨੂੰ,
ਮੰਗੀਏ ਹਕਤੇਨਜ਼ਰ ਮਿਲਾਨ ਕਿਉਨਹੀਂ
ਮੂੰਹੋ ਆਖ ਬਹਾਦਰੋ ਪਿਠ ਠੋਕੀ,
ਪੁਛਦੇ ਕੌਣ ਹੁਣ ਰਹੀ ਪਛਾਨ ਕਤੇ ਨਹੀਂ ।
ਹਾਇਕ ਹਿਰਦਾ ਹੋਇ ਆਇਨਸਾਫ ਸਾਡਾ,
ਵੀਰੋ ਕੂਕਦੇ ਇਕ ਜਬਾਨ ਕਿਉਨਹੀਂ ।

++

ਸਾਡੇ ਵਿਚ ਦਰਬਾਰ ਦੇ ਦਖਲ ਦਿਤਾ,
ਹਥ ਆਪਣਾ ਪਰੇ ਹਟਾਨ ਕਿਉ ਨਹੀਂ ।
ਕਹਿੰਦੇ ਮਜਬ ਦੇ ਵਿਚ ਨਾ ਦਖਲ ਦੇਣਾਂ,
ਮੂਹੋ ਆਖਕੇ ਪੂਰਾ ਕਰਾਨ ਕਿਉ ਨਹੀਂ ।

ਅਸੀਂ ਜਾਨਦੇ ਹਾਂ ਕੰਮ ਕਾਲਜਾਂ ਦਾ,
ਸਾਨੂੰ ਦੇਕੇ ਰਤਾ ਅਜਮਾਨ ਕਿਉਂ ਨਹੀਂ।
ਜੇਹਲਾਂ ਵਿਚ ਕਿਉਂ ਬੁਰਾ ਸਲੂਕ ਕਰਦੇ,
ਰਖਨ ਦੇਂਵਦੇ ਸਿਖੀ ਨਿਸ਼ਾਨ ਕਿਉਨਹੀ।
(ਦਾਸ ਰਵੇਲ ਸਿੰਘ ਸਰਾਏ ਔਰੰਗਾਬਾਦ)

## ਕਰਸੀ ਮੌਤ ਖੁਆਰੀ ਜੇ

ਉਠੋ ਸ਼ੇਰੋ ਪਾਸਾ ਪਰਤੋ
ਰੈਨ ਗੁਜਰ ਗਈ ਸਾਰੀ ਜੇ।
ਲੋਕਾਂ ਤ੍ਰਿਖੇ ਕਦਮ ਨੇ ਚਾਏ
ਸਾਥੋਂ ਗਏ ਅਗਾਰੀ ਜੇ।
ਵਾਹੋ ਦਾਹੀ ਨਸ ਪਓ ਹੁਣ
ਜੇਕਰ ਜਿੰਦ ਪਿਆਰੀ ਜੇ।
ਲਾਇਲਪੁਰੀਜੇਹੁਣਵੀ ਰਹਿ ਗਏ
ਕਰਸੀ ਮੌਤ ਖੁਆਰੀ ਜੇ।
(ਲਾਇਲ ਪੁਰੀ)

# ਨਿਰੇ ਲਾਰਿਆਂ ਨੂੰ ਛਿਕੇ ਟੰਗਦੇ ਹਾਂ !

ਜਿਨਾਂ ਕੋਮਾਂ ਨੇ ਰਾਜ ਦੇ ਸੁਖ ਮਾਣੇ
ਰੋਹਬ ਕਿਸੇ ਦਾ ਉਹ ਨ ਮੰਨਦੀਆਂ ਨੇ।
ਹਤਕ ਆਪਣੀ ਜਰਾ ਨ ਸਹਿ ਸਕਨ
ਸਦ ਆਖਕੇ ਕੁਫਰ ਨੂੰ ਭੰਨਦੀਆਂ ਨੇ।
ਨੀਦ ਸੁਖ ਦੀ ਵਿਚ ਨ ਸੌਣ ਮੂਲੋਂ
ਖਾਣ ਪੀਣ ਹਰਾਮ ਹੀ ਗਨਦੀਆਂ ਨੇ।
ਜੋ ਕੁਛ ਕਹਿੰਦੇਆਂਦਜਦੀਆਂ ਠੀਕਕਰਕੇ
ਕਾਵਾਂ ਵਾਂਗ ਉਹ ਤਾਣਾਂਨ ਤਨਦੀਆਂਦੇ।

ਕੀਤੀ ਮਦਦ ਸਰਕਾਰ ਦੀ ਅਸਾਂ ਵਧਕੇ
ਬਦਲਾ ਉਸਦਾ ਅਸੀ ਵੀ ਮੰਗਦੇ ਹਾਂ।
ਕੋਈ ਰਬਦੇ ਨਾਮ ਨਾ ਦਾਨ ਲਈਏ ?
ਛਾਤੀ ਡਾਹਕੇ ਲੜੇ ਵਿਚ ਜੰਗਦੇ ਹਾਂ।

89

ਮਿਤਰ ਆਖਕੇ ਲਿਆ ਬਣਾ ਗੋਲੇ
ਸਚ ਆਖਣੋ ਅਸੀ ਨਾ ਸੰਗਦੇ ਹਾਂ।
ਗਲਾਂ ਫੋਕੀਆਂ ਨਾਲ ਨ ਅਸਾਂ ਟਲਨਾਂ
ਨਿਰੇ ਲਾਰਿਆਂ ਨੂੰ ਛਿਕੇ ਟੰਗਦੇ ਹਾਂ।
(ਗਿਆਨਸਿੰਘ ਗਿਆਂਨੀ ਗੁਜਰਾਂਵਾਲਾ)

++

## (੪੪) ਖੂਨੀ ਡਾਇਰ

ਡਾਇਰ ਕਸਾਈ ਬਰਸਾਈ
ਮੀਹ ਵਾਂਗ ਗੋਲੀ।
ਭੁੰਨ ਸੁਟੇ ਦਾਣੇ ਵਿਚ
ਜਲਿਆਂ ਦੇ ਬਾਗ ਦੇ।
ਚਲੀ ਬਹਿ ਖੂਨ ਧਾਰਾ
ਸਿੰਜਿਆ ਸੀ ਬਾਗ ਜਿਸ।
ਡਾਇਰ ਫੁੰਕਾਰੇ ਪਿਆ
ਮਾਰੇ ਵਾਂਗ ਨਾਗ ਦੇ।

ਚਿੜੀਆਂ ਦੀ ਮੌਤ ਪਏ
ਹਸਦੇ ਗਵਾਰ ਯਾਰੋ।
ਖੂਨੀ ਪਰਚਾਂਉਦੇ ਨੇ
ਦਿਲ ਨਾਲ ਰਾਗ ਦੇ।
ਏਹੋ ਹੀ ਪੰਜਾਬ ਰਖੀ
ਯੂਰਪ ਦੀ ਆਬ ਜਿਸ।
ਡਾਇਰ ਨੇ ਜੀਹ ਨੂੰ ਰਿੰਨ
ਦਿਤਾ ਵਾਂਗ ਸਾਗ ਦੇ॥
ਹੰਟਰ ਕਮੇਟੀ ਨੇ ਵੀ
ਗਲਾਈ ਕਮੇਟੀ ਸਾਰੀ।
ਕੀਤਾ ਨਾ ਨਿਆਂ ਚੰਗਾ
ਇੰਡੀਆ ਦੇ ਨਾਲ ਜੀ।
ਹਿੰਦ ਦੇ ਸਪੂਤ ਕੋਹੇ
ਬਕਰੇ ਦੇ ਵਾਂਗ ਜਿਸ
ਬਰੀ ਹੋਇਆ ਸਾਫ ਰ ਤਾ
ਸੋਚ ਨਾ ਖਿਆਲ ਜੀ।

੧(

ਆਖਦੇ ਨੇ ਲੋਕ ਨਹੀਂ ਹੋਯਾ
ਇਹ ਨਿਆਉਂ ਉਕਾ।
ਛੁਟ ਗਏ ਖੂਨੀ ਜ਼ਿਨਾਂ
ਕੀਤਾ ਇਕਬਾਲ ਜੀ।
ਹਾਇ ਅਨਯਾਈ ਮੌਤ ਮਾਰੇ
ਗਏ ਲਾਲ ਮੇਰੇ ।
ਹਿੰਦ ਦਾ ਪੁਕਾਰਦਾ ਹੈ
ਦੁਖੀ ਵਾਲ ਵਾਲ ਜੀ।

(ਦਾਸ ਹਰਨਾਮ ਸਿੰਘ)

## ਰਬ ਦੇ ਨਾਮ ਨਾ ਦਿਓ

ਯੂਰਪ ਦੇ ਜੰਗਵਿਚਜਿਤਿਆਹੈ ਵੈਰੀਆਂਨੂੰ
ਕੀਤੀ ਹੈ ਬਹਾਦਰੀ ਤੇ ਮੰਗਦੇ ਹਾਂ ਫਬਦੇ।
ਜਿਵੇਂ ਦਿਤੇ ਹਕਸਾਡੇ ਹੋਰ ਵੀਰਸਾਥੀਆਂ ਨੂੰ
ਸਾਨੂੰਵੀ ਬਣਾਓ ਭਾਈਵਾਲ ਨਾਲ ਝਬਦੇ।

ਕੀਤੀਵੰਡ ਹੁਣਵਾਲੀ ਨਾਹੀਂ ਮਨਜ਼ੂਰਸਾਨੂੰ
ਇਕੋ ਜਹੀ ਵੰਡ ਤੁਸੀ ਕਰੋ ਨਾਲ ਸਬਦੇ।
ਕੀਤੀਕੁਰਬਾਨੀਅਸਾਂਹਕਲੈਣੇ ਜੋਰ ਨਾਲ
ਖੈਰ ਤੁਸੀ ਪਾਓ ਨਾਹੀ ਸਾਨੂੰ ਨਾਮਰਬਦੇ।
(ਦਾਸ-ਪ੍ਰੇਮ ਸਿੰਘ ਗੁਮਟਾਲਾ ਚਕਨੰ: ੨੯)

## ਸ਼ਾਂਤ ਰਹਿਣਾ ਤੇ ਹਥ ਨਾ ਚੁਕਣਾਂ ਏਂ !

ਹਿੰਦ ਮਾਲ ਬਦੇਸ਼ੀ ਜੋ ਲੁਟ ਲੀਤਾ,
ਅਜੇ ਤਕ ਨਾ ਕੀਤਾ ਧਿਆਨ ਲੋਕੋ।
ਰੇਲੀ ਵਰਗਿਆਂ ਅੰਨ ਹੈ ਖਿਚ ਲੀਤਾ,
ਭੁਖਾ ਮਰਨ ਲਗਾ ਹਿੰਦੁਸਤਾਨ ਲੋਕੋ।
ਧਨ ਦੇਸ਼ ਦਾ ਲੁਟਕੇ ਗੈਰ ਲੈ ਗਏ,
ਲਠੇ ਮਲਮਲਾਂ ਦੇ ਭੇਜ ਥਾਨ ਲੋਕੋ।

ਭੰਗ, ਫੀਮ ਤੇ ਦਾਰੂ ਦੇ ਠੇਕਿਆਂ ਨੇ,
ਕੀਤੇ ਨਸ਼ਟ ਕਈ ਖਾਨਦਾਨ ਲੋਕੋ।
ਛਡੋ ਨਸ਼ੇ ਭਾਰਤ ਸੰਦੀ ਆਨ ਰਖੋ,
ਸਿਆਣੇ ਆਖਕੇ ਪਏ ਸੁਨਾਣ ਲੋਕੋ।
ਆਪੋ ਵਿਚ ਪਾਟੋ ਧਾੜ ਹਿੰਦੀਆਂ ਨੇ,
ਕਰ ਲਿਆ ਹੈ ਦੇਸ਼ ਵਰਾਨ ਲੋਕੋ।
ਝਗੇ ਉਨ੍ਹਾਂ ਦੇ ਚੌੜ ਚੁਪੱਟ ਹੋ ਗਏ,
ਜੇਹੜੇ ਵਿਚ ਕਚਹਿਰੀਆਂ ਜਾਨ ਲੋਕੋ।
ਪੰਚੈਤਾਂ ਛਡ ਕਚੈਹਿਰੀਆਂ ਲੜ ਫੜਿਆ,
ਹਿੰਦੀ ਹੁਣ ਡਾਢੇ ਪਛਤਾਨ ਲੋਕੋ।
ਕਾਲਜ ਅਤੇ ਸਕੂਲਾਂ ਦੀ ਵਿਦਿਆ ਨੂੰ,
ਦੇਸੀ ਪੜ੍ਹ ਗੁਲਾਮ ਬਣ ਜਾਨ ਲੋਕੋ।
ਸਾਰੇ ਦੁਖਾਂ ਦਾ ਇਕੋ ਇਲਾਜ ਭਲਾ,
ਹਿੰਦੀ ਨਾ ਮਿਲ ਵਰਤਨ ਮਨਾਨ ਲੋਕੋ।
ਸ਼ਾਂਤ ਰਹਿਣਾ ਤੇ ਹਥ ਨਾ ਚੁਕਣਾ ਏਂ,
ਸੇਹਣੇ ਪੈਣ ਚਾਹੇ ਤੀਰ ਬਾਨ ਲੋਕੋ।

ਨਫਰਤ ਕਿਸੇ ਤੋਂ ਰਖੋ ਨਾ ਦਿਲਾਂ ਅੰਦਰ,
ਸਚ ਕਹਿਣੋਂ ਨਾ ਰੋਕੇ ਜਬਾਨ ਲੋਕੋ।
ਧਰ ਪੈਣਾ ਤੇ ਧਰਮ ਨਾ ਛਡਣਾ ਏ,
ਯਾਦ ਰਖੋ ਏ ਗੁਰੂ ਫੁਰਮਾਨ ਲੋਕੋ।

(ਰਮਤਾ) ਜਿਲਦ ੨ ਨੰਬਰ ੬੩

## ਗਾਂਧੀ ਦਾ ਫਰਮਾਨ

( ਰਾਗ ਕੌਂਸੀਆ )

ਆਇਆ ਗਾਂਧੀ ਦਾ ਫਰਮਾਨ ਕੁੜੇ,
ਸਭ ਸਈਆਂ ਚਰਖੇ ਡਾਨ ਕੁੜੇ,
ਜਦ ਚਰਖਾ ਘੁਕਰ ਪਾਵੇਗਾ,
ਸਵੰਰਾਜ ਨੂੰ ਖ਼ਬ ਬੁਲਾਵੇਗਾ,
ਹੋਵੇ ਉਚੀ ਸਾਡੀ ਸ਼ਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਇਸ ਚਰਖੇ ਲਠ ਰੰਗੀਲੀ ਏ,
ਧੁਣ ਉਠਦੀ ਬੜੀ ਰਸੀਲੀ ਏ,

95

ਸਾਨੂੰ ਏਸੇ ਦਾ ਹੁਣ ਮਾਨ ਕੁੜੇ,
ਆਇਆ ਗਾਂਧੀ ਦ ਫਰਮਾਨ ਕੁੜੇ।
ਇਕ ਚਰਖਾ ਸਾਡਾ ਪਿਆਰਾ ਹੈ,
ਸੌ ਰੋਗਾਂ ਦਾ ਇਕੋ ਚਾਰਾ ਹੈ,
ਮੰਨ ਲਿਆ ਹੈ ਕੁਲ ਜਹਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਏਹੋ ਪੂੰਜੀ ਸਾਡੀ ਭਾਰਤ ਦੀ,
ਇਹੋ ਕੁੰਜੀ ਮਿਲਵੀਂ ਤਾਕਤ ਦੀ,
ਕੈਂਹਦੇ ਰਲਮਿਲ ਸਭ ਬੁਧਵਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਇਹ ਚਰਖਾ ਕਰਮਾ ਵਾਲਾ ਹੈ,
ਸਾਡੀ ਪਤ ਦਾ ਇਹ ਰਖਵਾਲਾ ਹੈ,
ਘੋਲੀ ਜਿੰਦ ਮੈਂ ਇਸਤੋਂ ਜਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਤੇਰੇ ਚਰਖੇ ਏਡੀ ਤਾਕਤ ਹੈ,
ਬਸ ਚਰਚਾ ਕਾਫੀ ਆਫਤ ਹੈ,

ਬਗੇ ਹੋ ਗਏ ਮੂੰਹ ਹਰਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਜਦ ਚਰਖਾ ਸੂਤ ਕਤੇਸੀ ਨੀ,
ਰੰਗ ਸਾਵੇ ਲਾਲ ਮਲੇਸੀ ਨੀ,
ਗਡੇ ਹਿੰਦ ਦੇ ਵਿਚ ਨਿਸ਼ਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਰਲ ਸਈਆਂ ਛੋਪੇ ਪਾਵੋ ਨੀ,
ਵਿਚ ਗੀਤ ਕੌਮ ਦੇ ਗਾਵੋ ਨੀ,
ਗੂੰਜ ਉਠੇ ਜ਼ਿਮੀ ਅਸਮਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਸਾਡਾ ਏਹੋ ਗੋਲੀ ਸਿੱਕਾ ਹੈ,
ਹੋਇਆ ਦੁਸ਼ਮਨ ਦਾ ਰੰਗ ਫਿੱਕਾ ਹੈ,
ਸਦ ਚਰਖੇ ਤੋਂ ਕੁਰਬਾਨ ਕੁੜੇ,
ਆਇਆ ਗਾਂਧੀ ਦਾ ਫਰਮਾਨ ਕੁੜੇ।
ਹੁਣ ਘਰ ਜੋ ਇਸ ਤੋਂ ਖਾਲੀ ਏ,
ਉਹ ਸਮਝੋ ਭੇਡ ਮੂੰਕਾਲੀ ਏ,

ਹੋਵੇ ਅਜ ਕਲ ਉਹ ਵੈਰਾਨ ਕੂੜੇ,
ਆਦਿਆ ਗਾਂਧੀ ਦਾ ਰਰਮਾਨ ਕੂੜੇ।
(ਨਰਿੰਜਨ ਸਿੰਘ ਗੁਜਰਾਂਵਾਲੀਆ)
ਜਿ: ੨ ਨੰ: ੭੩

## ਖਿੜੀ ਬਹਾਰ !

ਦਿਲਾ ਮਸਤ ਹੋ ਪੀਕੇ ਪ੍ਰੇਮ ਪਿਆਲਾ,
ਅੱਜ ਕੌਮ ਅੰਦਰ ਬੜਾ ਪਿਆਰ ਦਿੱਸੇ।
ਦਿਲ ਗੁੱਟ ਅਨੰਦ ਦੇ ਵਿਚ ਹੋ ਗਏ,
ਸਾਰੇ ਜਗ ਤੇ ਬੜੀ ਬਹਾਰ ਦਿਸੇ।
ਆਗੂ ਕੌਮ ਦੇ ਫੁਲਾਂ ਦੇ ਵਾਂਗ ਟਹਿਕੇ,
ਅਤੇ ਕੌਮ ਦ੍ਰੋਹੀ ਵਾਂਗ ਖਾਰ ਦਿੱਸੇ।
ਅਜ ਬੇਲ ਬੂਟੇ ਖੁਸ਼ੀ ਨਜ਼ਰ ਆਏ,
ਜਿਧਰ ਦੇਖੀਏ ਖਿੜੀ ਗੁਲਜ਼ਾਰ ਦਿਸੇ।

ਦਿਲ ਖਾਲਸੇ ਦੇ ਫੁਲਾਂ ਵਾਂਗ ਖਿਲਗਏ,
ਹਰ ਸੀਸ ਤੇ ਕਾਲੀ ਦਸਤਾਰ ਦਿੱਸੇ।
ਦੋ ਜਹਾਨ ਵਾਲੀ ਸਤਿਗੁਰੂ ਨਾਨਕ,
ਆ ਹਾ! ਜੋਤਿ ਪੂਰੀ ਨਿਰੰਕਾਰ ਦਿੱਸੇ।
ਅਜ ਆਏ ਸ੍ਵਰਾਜ ਦਵਾਉਣ ਕਾਰਨ,
ਤਾਹੀਏਂ ਖੁਸ਼ੀ ਮੈਂਨੂੰ ਨਰ ਨਾਰ ਦਿੱਸੇ।
ਸੂਰਤ ਸਿਘ ਪ੍ਰਕਾਸ਼ ਹੋਗਿਆ ਸਾਰੇ,
ਕੌਮ ਘਾਤਕਾਂ ਚਿਤ ਅੰਧਾਰ ਦਿੱਸੇ।

ਸਰਤ ਸਿੰਘ ਨਾਵੀਂ ਜਮਾਤ,
ਖਾਲਸਾ ਕਾਲਜ ਅੰਮ੍ਰਿਤਸਰ।
ਜਿਲਦ ੨ ਨੰ: ੧੯

## ਹੁਣ ਅਕਲ ਆ ਗਈ ਹੈ!

ਸ਼ਕਲ ਵੇਖਕੇ ਅਕਲ ਭੁਲ ਗਈ ਮੇਰੀ,
ਕੀਤੀ ਓਸਦੀ ਸੇਵਾ ਮੈਂ ਖਾਸ ਕਰਕੇ।

ਬੂਹੇ ਉਸਦੇ ਤੇ ਧਕੇ ਰਿਹਾ ਖਾਂਦਾ,
ਐਪਰ ਹਾ ! ਲਤ'ੜਿਓਸੁ ਘਾਸ ਕਰਕੇ ।
ਜਾਤਾ ਆਪਣਾ ਸੀ ਪਰ ਉਹ ਗੈਰਬਣਿਆ,
ਮੂਰਤ ਹੋ ਬੈਠਾ ਸੂਰਤ ਨਾਸ ਕਰਕੇ ।
ਨਕਾਰਖਾਨੇ ਵਿਚ ਸੁਣੀ ਨ ਕਿਸੇ ਰਬਾ,
ਤੇਰੇ ਦੁਆਰੇ ਤੇ ਆਯਾ ਹਾਂ ਆਸ ਕਰਕੇ ।
ਗਲਾਂ ਮਿਠੀਆਂ ਵੇਖਕੇ ਮੂੰਹ ਲਾਯਾ,
ਜਾਤਾ ਸੀਗਾ ਮੈਂ ਸ਼ਰਬਤ ਗਿਲਾਸ ਕਰਕੇ ।
ਐਪਰ ਜ਼ਹਿਰ ਦੇ ਵਾਂਗ ਉਸ ਕੈਹਰ ਕੀਤਾ,
ਪੀਤਾ ਲਹੂ ਸੂ ਅੰਦਰ ਨਿਵਾਸ ਕਰਕੇ ।
ਸਾਹ ਸਤ ਨਾ ਛਡਿਓਸੁ ਵਿਚ ਮੇਰੇ,
ਝੋਰਾ ਇਹ ਕਿ ਮਾਰਿਓਸੁ ਖਾਸ ਕਰਕੇ ।
ਪਾਪੀ ਪਾਸੋਂ ਖਵਾਰ ਲਾਚਾਰ ਹੋਕੇ,
ਤੇਰੇ ਦੁਆਰੇ ਤੇ ਆਯਾ ਹਾਂ ਆਸ ਕਰਕੇ ।
ਝਿੜਕਾਂ ਦੇਕੇ ਆਖੇ 'ਪਿਆਰ ਹੈ ਇਹੋ'
ਦੇਂਦਾ ਦੁਖ ਉਹ ਅਜਬ ਲਿਬਾਸ ਕਰਕੇ ।

ਰਿਹਾ ਮਾਰਦਾ ਗੁਝੜੇ ਤੀਰ ਜ਼ਾਲਿਮ,
ਮਰਹਮੇ ਆਖਦਾ ਰਿਹਾ ਬਿਲਾਸ ਕਰਕੇ।
ਜਾਤੀ ਕਦਰ ਬੇਕਦਰ ਨ ਮੂਲ ਸਾਡੀ,
ਮੈਂ ਭੀ ਸੋਚਿਆ ਨਾ ਸੀ ਕਿਆਸ ਕਰਕੇ।
ਸਮਝੀ ਚਾਲ ਭੈੜੀ ਤਾਂ ਉਦਾਸ ਹੋਕੇ,
ਤੇਰੇ ਦੁਆਰੇ ਤੇ ਆਯਾ ਹਾਂ ਆਸ ਕਰਕੇ।
ਮੇਰੇ ਮਾਲਕਾ ਪਾਲਕਾ ਸੋਹਣਿਆਂ ਵੇ,
ਦਾਸ ਤਾਈਂ ਨਾ ਰਖੀਂ ਨਿਰਾਸ ਕਰਕੇ।
ਖੈਰ ਤੇਰੇ ਹੀ ਬੂਹੇ ਤੋਂ ਮੰਗਸਾਂ ਮੈਂ,
ਗੈਰ ਵਲ ਨਾ ਜਾਵਸਾਂ ਆਸ ਕਰਕੇ
ਰਖੀਂ ਬਿਰਦ ਦੀ ਲਾਜ ਹੁਣ ਸਾਈਆਂਵੇ,
ਗੱਲਾਂ ਕਰੇ ਨ ਕੋਈ ਉਪਹਾਸ ਕਰਕੇ।
ਤੇਰੀ ਸੇਵਾ ਦੀ ਲਗੀ ਪਿਆਸ ਡਾਢੀ,
ਤੇਰੇ ਦੁਆਰੇ ਤੇ ਆਯਾ ਹਾਂ ਆਸ ਕਰਕੇ।

ਦਾਸ-ਉਤਮ ਸਿੰਘ ਗੜ੍ਹ ਨਿਵਾਸੀ

(ਜਿਲਦ ੨ ਨੰਃ ੭੯)

|○|

# ਪਿਉ ਪੁੱਤਾਂ ਦੀਆਂ ਦਿਤੀਆਂ ਬਲੀਆਂ ਨੀ !

ਹਰ ਇਕ ਆਖਦਾ ਮੁਲਕ ਪਿਆਰ ਮੈਨੂੰ,
ਹੁਣ ਕੂੜੀਆਂ ਗਲਾਂ ਏਹ ਚਲੀਆਂ ਨੀ।
ਚਰਖਾ ਆਪਣੇ ਘਰ ਨ ਕਿਸੇ ਡਾਹਿਆ,
ਨਹੀਂ ਕੱਤੀਆਂ ਪੂਣੀਆਂ ਛਲੀਆਂ ਨੀ।
ਖੱਦਰ ਅਜੇ ਤੀਕ ਨ ਪਾਇਆ ਗਲੀਂ ਨਾਹੀਂ,
ਛੁਚਰਾਂ ਛਾਹੀਆਂ ਅਲਵਲੱਲੀਆਂ ਨੀ।
ਬਿਨਾਂ ਅਮਲ ਦੇ ਭੁਲਾ 'ਸ੍ਵਰਾਜ' ਕਿਥੋਂ
ਟਹਿਰਾਂ ! ਮਾਰ ਪਾਈਆਂ ਤਰਥੱਲੀਆਂ ਨੀ।
ਮਹੀਂਵਾਲ ਸਿਉਂ ਜਿਨ੍ਹਾ ਨੇ ਪ੍ਰੀਤ ਲਾਈ,
ਕੱਚੇ ਘੜੇ ਦੀਆਂ ਬੇੜੀਆਂ ਠਲੀਆਂ ਨੀ।
ਜੀਵਣ, ਮੌਤ ਸੰਦੀ ਆਸ ਲਾਹਿ ਕਰਕੇ
ਯਾਰ ਪਿਆਰ ਪਿਛੇ ਵੱਗ ਚੱਲੀਆਂ ਨੀ।

ਪਿਆਰ ਮੁਲਕਦਾਭੀ ਜਿਨ੍ਹਾਂ ਪਾਇਲੀਤਾ,
ਮਾਣਨ ਛੱਡੀਆਂ ਉਨਾਂ ਰੰਗਰੱਲੀਆਂਨੀ।
ਜੇਕਰ ਪਾੜ ਦੇਖੋ ਛਾਤੀ ਉਨ੍ਹਾਂ ਦੀ ਨੂੰ,
ਛੇਕ ਛਾਨਣੀ, ਹੋਈਆਂ ਸੱਲੀਆਂ ਨੀ।
ਦੇਸ਼ ਸੇਵਾ ਉਤੇ ਜਿਨਾਂ ਲੱਕ ਬੱਧਾ,
ਜਾਨਾਂ ਦਿੱਤੀਆਂ ਧਰ ਉਨ ਤੱਲੀਆਂਨੀ।
ਵਿੱਚ ਉਖਲੀ ਦੇ ਜਿਨ੍ਹਾਂ ਸੀਸ ਦਿੱਤਾ,
ਧੜੀ ਧੰਮਕੀਆਂ ਉਨਾਂ ਨਾ ਝੱਲੀਆਂ ਨੀ।
ਦਾਹਵਾ ਜਿਨ੍ਹਾਂ ਦਾ ਹੈ ਸ੍ਵਰਾਜ ਲੈਣਾ,
ਜਿਹਲਾਂ ਸੈਂਟ੍ਰਾਂ ਉਨ੍ਹਾਂ ਨੇ ਮਲੀਆਂ ਨੀ।
ਮਨੋ ਕਾਮਨਾ ਜਿਨਾਂ ਦੀ ਹੀਰ ਹੀ ਸੀ,
ਉਨ੍ਹਾਂ ਛੱਡੀਆਂ ਭਲਿਓ ਭੱਲੀਆਂ ਨੀ।
ਗੈਰਤ ਬਿਨਾ ਇਨਸਾਨ ਹੈਵਾਨ ਸਮਝੋ,
ਗੈਰਤਮੰਦ ! ਸਭ ਛਾਤੀਆਂ ਹੱਲੀਆਂਨੀ।
ਨਾਲ ਜਿਨਾਂ ਦੇ ਹੋਨ ਅਨਿਆਉਂ ਐਸੇ,
ਉਨ੍ਹਾ ਅੱਖੀਆਂ ਕਿਉਂ ਨਿੰਦੱਲੀਆਂ ਨੀ।

103

ਗੈਰਤ ਹੋਵੇ ! ਤਾਂ ਥਾਂ ਤੇ ਮਰ ਮਿੱਟੀਏ,
ਤੇਤੀਕਰੋੜਛਾਤੀ, ਡਾਇਰ ਸੱਲੀਆਂ ਨੀ।
ਦਿਲ ਜਿਨ੍ਹਾਂ ਦੇ ਵਿਚ ਹੈ ਆਈ ਗੈਰਤ,
ਉਨਾਂ ਪਾਈਆਂ ਜਗ ਤਰਥੱਲੀਆਂ ਨੀ।
ਬੂਟਾ ਜ਼ੁਲਮ ਦਾਂ ਜੇਕਰ ਚਾਹੋ ਪੁਟਣਾ,
ਜਾਣੋ ਜੇਲਾਂ ਤਾਂ ਸਭ ਹੀ ਭੱਲੀਆਂ ਨੀ।
ਹੋਰ ਸਭ ਰੰਗਰਲੀਆਂ ਛੱਡ ਕਰਕੇ,
ਹੱਥੀਂ ਆਪਣੇ ਵਟਨੀਆਂ ਨੱਲੀਆਂਨੀਂ।
ਤੋਪਾਂ ਸ਼ਾਹੀ ! ਜੇਕਰ ਵੱਜਣ ਵਿਚ ਸੀਨੇ,
ਜਾਣ ਝਲੀਆਂ ਖਿਲੀਆਂ ਕਲੀਆਂ ਨੀ।
ਬੂਟਾਜ਼ੁਲਮਦਾ ਜਿਨ੍ਹਾਂ ਨੇ ਪੁਟਿਆ ਸੀ,
ਪਿਉ ਪੁਤਾਂ ਦੀਆਂਦਿਤੀਆਂ ਬਲੀਆਂਨੀ।
ਬੀਰ ਨਚ ਨਿਕਲੇ ਸੇਵਾ ਦੇਸ ਖਾਤਰ,
ਗਲੀਂ ਜਿਨ੍ਹਾਂ ਦੇ ਪੱਤ ਦੀਆਂ ਟੱਲੀਆਂਨੀ।
ਦਰਸ ਪਰਸਣੇ ਨੂੰ ਜਿਨਾਂ ਚਾਉ ਲਗਾ,
ਗਾਹ ਮਾਰੀਆਂ ਯਾਰਦੀਆਂ ਗੱਲੀਆਂਨੀ।

ਯਾਰ ਆਪਣਾ ਜਿਨ੍ਹਾਂ ਨੇ ਲੱਭ ਲੀਤਾ,
ਕਹੇ ਕਦੀ ਨਾ ਕਿਸੇ ਦੇ ਟਲੀਆਂ ਨੀ।
ਅਸਾਂ ਲੈਕੇ ਹਈ 'ਸ੍ਵਰਾਜ' ਰੈਹਣਾ,
ਮਲਾਂ ਅਸਾਂ ਨੇ ਸਚੀਆਂ ਮਲੀਆਂ ਨੀ।

(ਨਾਨਕ ਸਿੰਘ ਗੋਰਸੀਆ)

[ਜਿਲਦ ੨ ਨੰ: ੮੪]

## "ਅਸਾਡੇ ਉਪਰ ਹੋਏ ਪਾਪਾਂ ਦਾ ਸਬੂਤ"

ਮੰਗਣਾ ਪਾਪਾਂ ਦਾ ਨਾਂ ਸਬੂਤ ਸਾਥੋਂ,
ਮੈਂ ਕਿਵੇਂ ਦਸਾਂ ਸਾਡਾ ਤਾਣ ਕੀ ਏ।
ਜਦੋਂ ਚਰਣ ਪਾਸੋ ਕੰਧਾਂ ਬੋਲ ਕਹ ਸਨ,
'ਆਵੋ' ਦਸ ਦੇਸਨ ਉਹ ਨਸ਼ਾਨ ਕੀ ਏ।
ਤੀਲਾ ਤੀਲਾ 'ਤਿਲਵੰਡੀ' ਦਾ ਬੋਲਪੇਸੀ,
ਬੋਲਨ ਇਟ ਪਥਰ ਏਹ ਜਬਾਨ ਕੀ ਏ।

105

ਆਖਨ ਭਠੀਆਂ ਕੁਠੀਆਂ ਬਹੁਤ ਜਾਨਾਂ,
ਲਗੇ ਮੋਰਚੇ ਜਨਮ ਅਸਥਾਨ ਕੀ ਏ।
ਕੰਨੀ ਸੁਣ ਲਵੀਂ ਰਾਗ ਸਭ ਬੁਲਬੁਲਾਂ ਦਾ,
ਕਿਸੇ ਰਾਗ ਦੀ ਸਾਨੂੰ ਪਿਛਾਨ ਕੀ ਏ!
ਬੁਲਬੁਲ ਬਾਗ ਦੀ ਫਿਰੇ ਬੇਤਾਬ ਦੇਖੀ,
ਬਿਨਾਂ ਰਾਗ ਮਾਰੂ ਹੋਣ ਗਾਣ ਕੀ ਏ।
ਖ਼ਿਜ਼ਾਂ ਰੰਗ ਬਹਾਰ ਦਾ ਮਲ ਬੈਠੀ,
ਫੁਲਾਂ ਬਾਜ ਦਸੋ? ਡਾਲੀ ਟਾਹਨ ਕੀ ਏ।
ਹਾਲਤ ਵੇਖ ਕੇ ਹੋਏ ਹੈਰਾਂਨ ਅਸੀ,
ਸਾਡੀ ਸ਼ਾਨ ਕੀਸੀ ਰਿਆ ਮਾਨ ਕੀ ਏ।
ਆਏ ਕਰਨ ਮਾਤਮ ਪਏ ਵਿਚ ਪਿੰਜਰੇ,
ਹੋਰ ਵਧ ਕੇ ਸੋਗ ਮਨਾਣ ਕੀ ਏ।
ਹਥਕੜੀਆਂ ਬੇੜੀਆਂ ਵਿਚ ਪੈਰਾਂ,
ਦਸੋ ਪਾਪ ਦਾ ਹੋਰ ਸਮਜ਼ਾਨ ਕੀ ਏ।
ਸੜ ਗਏ ਵਾਂਗ ਪ੍ਰਵਾਨਿਆਂ ਦਰ ਤੇਰੇ,
ਦਸਣਾ ਹੋਰ ਬਾਬਾ? ਇਮਤਿਹਾਨ ਕੀ ਏ।

ਨਾਲ ਪੱਤੇ ਬਾਜੀ ਪਾਈ ਦੋਸਤੀ ਦਾ,
ਧੋਖਾ ਖਾ ਫਿਰ ਹੋਣਾ ਹੈਰਾਨ ਕੀ ਏ।
ਜਿਸ ਨੂੰ ਪੀੜ ਨਹੀਂ ਰਬਦੇ ਬੰਦਿਆਂ ਦੀ,
ਏਸ ਜਗ ਤੇ ਉਹ ਇਨਸਾਨ ਕੀ ਏ।
ਧਰਮੀ ਰੋਣ ਦੁਖੀ ਜਿਸ ਰਾਜ ਅੰਦਰ,
ਹੋਰ ਵਧਕੇ ਜ਼ੁਲਮ ਮਹਾਨ ਕੀ ਏ।
ਸੂਰਜ ਸਖਤੀਆਂ ਦਾ ਛੇਤੀ ਢਲ ਜਾਸੀ,
ਤੇਰੀ ਮੇਹਰ ਅਗੇ ਕਹਿਰਵਾਨ ਕੀ ਏ।
ਪਾਰੋਂ ਆਏ 'ਮੁਸਾਫਰਾਂ ਮਤ ਦੇ ਜਾ,
ਦੂਜੇ ਘਰ ਬੇਹਣਾ ਲੰਮੀ ਤਾਨ ਕੀ ਏ।

ਦਾਸ—ਗੁਰਮੁਖ ਸਿੰਘ ਗਿਆਨੀ
ਮੁਸਾਫਰ ਬਸਾਲੀ
(ਜਿਲਦ ੨ ਨੰ: ੧੯)

107

# ਕਾਲਾ–ਗੋਰਾ

ਸੁਣੋਂ ਗੋਰਿਓ ਕਰੋ ਅਭਿਮਾਨ ਨਾਹੀਂ,
ਇਹੋ ਜਿਹੇ ਦਿਨ ਕਿਸੇ ਤੇ ਆਂਵਦੇ ਨਾ।
ਗੋਰੇ ਰੰਗ ਦਾ ਕਰੋ ਨਾਂ ਮਾਣ ਝੂਠਾ,
ਸਾਨੂੰ ਦੰਭ ਤੁਸਾਡੜੇ ਭਾਂਵਦੇ ਨਾ।
ਦਸੋ ਕੋਈ ਔਗੁਣ ਕਾਲੇ ਰੰਗ ਅੰਦਰ,
ਕਾਹਨੂੰ ਮਾਰਦੇ ਫੜਾਂ ਲਜਾਂਵਦੇ ਨਾ।
ਕੀਤੀ ਰਬ ਨੂੰ ਬੁਰਾ ਬਨਾਉਂਦੇ ਹੋ?
ਏਸ ਵਹਿਮ ਨੂੰ ਦਿਲੋਂ ਹਟਾਂਵਦੇ ਨਾ।

++

ਕਾਲਾ ਪਾਂਵਦੇ ਅਖਾਂ ਦੇ ਵਿਚ ਸੁਰਮਾਂ,
ਚਿਟੇ ਬੱਗੇ ਨੂੰ ਬੁਰਾ ਮਨਾਣ ਲੋਕੀ।
ਕਾਲੇ ਨੈਣ ਮਤਵਾਲੜੇ ਸਭ ਆਖਣ,
ਚਿਟਿਆਂ ਵਾਲੜੇ ਅੰਨੇ ਸਦਾਨ ਲੋਕੀ।
ਜ਼ਰਾ ਸੋਚੋ ਖਾਂ ਚਿਟੜੇ ਮੁਖੜੇ ਤੇ,
ਕਾਲੇ ਰੰਗ ਦਾ ਕਿਹਾ ਨਿਸ਼ਾਨ ਲਗੇ।

ਇਹਦੇ ਉਲਟ ਹੁਣ ਕਾਲੇ ਸਰੀਰ ਉਤੇ,
ਚਿਟੇ ਦਾਗ ਦਾ ਬਹੁਤ ਅਰਮਾਨ ਲਗੇ।
ਵਾਹ ਅਫਰੀਨ ਤੁਸਾਡੜੀ ਅਕਲ ਉਤੇ
ਜਿਹੜੇ ਕਾਲੇ ਨੂੰ ਬੁਰਾ ਫੁਰਮਾਨ ਲਗੇ।
ਕਾਲੇ ਰੰਗ ਦੀ ਸਿੰਘ ਦਸਤਾਰ ਬੰਨ੍ਹਣ,
ਤੁਸੀ ਇਹਨੂੰ ਭੀ ਬੁਰਾ ਮਨਾਣ ਲਗੇ।
ਐਪਰ ਜਿਤਨਾ ਰੋਕਦੇ ਤੁਸੀ ਸਿੰਘਾਂ,
ਪ੍ਰੇਮ ਵਧਦਾ, ਹੋਰ ਜਾਂ ਬਾਣ ਲਗੇ।
ਕਾਲਾ ਰੰਗ ਲੋਕੀ ਰਖਣ ਸਿਰ ਅਖੀਂ,
ਕਾਲਾ ਤੁਸਾਂ ਨਾਂ ਚੰਗਾ ਜੁਵਾਨ ਲੱਗੇ।
ਸਮਝ ਜਾਓ ਇਹ 'ਭਾਨ' ਦੀ ਅਰਜਮੰਨੋ,
ਕਿਉਂ ਹੋ ਆਪਣਾ ਪੋਲ ਖੁਲਾਨ ਲੱਗੇ?

("ਭਾਨ" ਜੇਹਲਮ)

ਜਿਲਦ ੨ ਨੰ: ੯੫

-o-

109

# "ਬਹਾਰ ਆਉਣਤੇ" ਉਗਸਨ ਨਵੇਂ ਬੂਟੇ!

ਹਾਇ ਹੋਣੀ ਨੇ ਕਹਿਰ ਦੀ ਅਤਿਚਾਈ,
ਪੰਛੀ ਜਾਲ ਦੇ ਵਿਚ ਫਸਾਇ ਦਿਤੇ।
ਅਨ ਖਿੜੇ ਜੋ ਫੁਲ ਸਨ ਬਾਗ ਅੰਦਰ,
ਪੱਤੀ ਪੱਤੀ ਕਰ ਸਭ ਗੁਆਇ ਦਿਤੇ।
ਜੋਬਨ ਆਇਆ ਨ ਉਮਰ ਹੀ ਹੋਈਪੂਰੀ
ਜ਼ਾਲਮ ਆਪਨੇ ਹਥ ਦਿਖਾਇ ਦਿਤੇ।
ਪਾਪਣ ਜ਼ੁਲਮ ਤੱਦੀ ਧੱਕਾ ਰੂਪ ਹੋਈ,
ਪੁੰਨ ਕਰਮ ਸਭ ਪਾਪ ਕਰਾਇ ਦਿਤੇ।

++

ਕਰਲੈ ਹੋਰ ਭੀ! ਤੈਥੋਂ ਜੋ ਹੋ ਸਕੇ,
ਬੂਟੇ ਤੁਝ ਤੋਂ ਸਾਰੇ ਨ ਮੁਕਨੇ ਨੇ।
ਭਾਵੇਂ ਕਰ ਤੂੰ ਬੰਦ ਵਿਚ ਖਾਨਿਆਂ ਦੇ,
ਇਹ ਟਹਿਕਦੇ ਫੁਲ ਨ ਸੁਕਨੇ ਨੇ।

ਕਰੇਂ ਕੈਦ ਪੰਛੀ ਅਤੇ ਖੁਸ਼ ਹੋਵੇ,
ਐਪਰ ਅਸਾਂ ਤੋਂ ਬਾਗ ਨਾਂ ਛੁਟਨੇ ਨੇ।
ਬਹਾਰ ਆਉਨ ਤੇ ਉਗਸਨ ਨਵੇਂ ਬੂਟੇ,
ਜੇਹੜੇ ਰਹਿਨ ਨ ਤੁਝ ਤੋਂ ਮੁਕਨੇ ਨੇ।
(ਜਗਤ ਸਿੰਘ ਲਾਇਲਪੁਰੀ)

## ਗੋਰੇ ਮਾਰ ਮੱਥੇ ਹੱਥ ਮਲ ਰਹੇ ਨੇ!

ਤੇਰੀ ਚਰਖਿਆ ਡਾਢੀ ਘੁਮਕਾਰ ਸੁਣਕੇ,
ਇੰਗਲਿਸਤਾਨੀਆਂਦੇਅੰਦਰ ਹੱਲ ਰਹੇਨੇ।
ਝਗੜੇ ਛਿੜੇ ਨੇ ਪਾਰਲੀਮੈਂਟ ਅੰਦਰ,
ਘਰਾਂ ਘਰਾਂ ਵਿਚ ਮਚ ਤਰਥਲਰਹੇ ਨੇ।
ਮਠੀ ਪਈ ਸਟੀਮ ਹੈ ਇੰਜਨਾਂ ਦੀ,
ਖਾਲੀ ਪਟੇ ਮਸ਼ੀਨਾਂ ਤੇ ਚਲ ਰਹੇ ਨੇ।
ਖੜਕਨ ਖਡੀਆਂ ਸੂਤ ਦੇ ਬਾਝ "ਦਰਦੀ",
ਗੋਰੇ ਮਾਰ ਮੱਥੇ ਹੱਥ ਮਲ ਰਹੇ ਨੇ।

111

ਵੇਖ ਚਰਖਿਆ ਹਰਖਦਾ ਚਿਤ ਸਾਡਾ,
ਸੋਹਣੀ ਜਦੋਂ ਤੇਰੀ ਪਤਲੀ ਤੰਦ ਨਿਕਲੇ।
ਹੌਲ ਪੈਣ ਵਲੈਤ ਦੇ ਤਾਜਰਾਂ ਨੂੰ,
ਤੇਰੀ ਜਦੋਂ ਹੁਣ ਵਾਜ ਬੁਲੰਦ ਨਿਕਲੇ।
ਰੋਂਦੇ ਕਾਰਖਾਨੇ ਦਾਰ ਮਾਨਚਸਟਰ,
ਕਰਕੇ ਦਫਤਰੀ ਦਫਤਰਾਂ ਬੰਦ ਨਿਕਲੇ।
ਵੇਖ ਤੰਦ ਦੁਸ਼ਮਨ ਤੰਦ ਤੰਦ ਹੋ ਗਏ,
ਅਤੇ ਵੇਖ 'ਦਰਦੀ' ਗਾਵਣ ਛੰਦ ਨਿਕਲੇ।

[ਕਿਸ਼ਨ ਸਿੰਘ 'ਦਰਦੀ' ਗੁਜਰਾਂਵਾਲਾ]
(ਜਿਲਦ ੨ ਨੰ: ੩੧)

## ਭੁਖ ਨੰਗ ਦੇ ਵਿਚੋਂ ਸੁਦਾਰ ਬਾਬਾ !

ਭੈੜੀ ਵਿਦਿਆ ਇਸ ਵਿਦੇਸ਼ੀਆਂ ਦੀ,
ਕੀਤਾ ਅਸਾਂ ਦਾ ਦਿਲ ਬੇਜ਼ਾਰ ਬਾਬਾ।

ਪੜ੍ਹੇ ਗੁੜ੍ਹੇ ਐਮ. ਏ. ਬੀਏ. ਪਾਸ ਵੀ ਹਾਂ,
ਐਪਰ ਲਭਦਾ ਨਹੀਂ ਰੁਜ਼ਗਾਰ ਬਾਬਾ।
ਸਿਰੇ ਦਰਦ ਜ਼ੁਕਾਮ ਬਦ ਹਜ਼ਮੀ ਦੇ,
ਜੰਟਰਮੈਨ ਬਨਗਏ ਠੇਕੇਦਾਰ ਬਾਬਾ।
ਉਤੋਂ ਚੀਕਣੇ ਚੋਪੜੇ ਬਣੇ ਬਾਬੂ,
ਭੁਖ ਨੰਗ ਦੇ ਵਿਚੋਂ ਸਰਦਾਰ ਬਾਬਾ।
ਐਨਕ ਬਿਨਾਂ ਨਾਂ ਆਂਵਦਾ ਨਜ਼ਰ ਸਾਨੂੰ,
ਏਸ ਵਿਦਿਆ ਦੇ ਚਮਤਕਾਰ ਬਾਬਾ।
ਲੈਮਜੂਸ ਬਾਝੋਂ ਖਾਨਾ ਹਜ਼ਮ ਨਾਹੀਂ,
ਫੁਲਕੀ ਇਕ ਦਾ ਕੇਵਲ ਅਧਾਰ ਬਾਬਾ।
ਏਸ ਬੁਰੀ ਤਾਲੀਮ ਬਦੇਸ਼ੀਆਂ ਦੀ,
ਗਲੀਂ ਹਸ ਗੁਲਾਮੀ ਦੇ ਪਾ ਦਿਤੇ।
ਰੰਗ ਦਸਕੇ ਯੂਰਪੀ ਫੈਸ਼ਨਾਂ ਦੇ,
ਗੈਰਾਂ ਸੰਦੇ ਮੁਥਾਜ ਬਨਾ ਦਿਤੇ।

(ਕਿਸ਼ਨ ਸਿੰਘ "ਦਰਦ" ਗੁਜਰਾਂਵਾਲਾ)

ਜਿਲਦ ੨ ਨੰ: ੩੯

113

## ਹੰਟਰ ਰਪੋਟ !

(ਵਲੋਂ ਖਜ਼ਾਨ ਸਿੰਘ ਗਿਆਨੀ)

ਤੇਰੀ ਬਣੀ ਰਪੋਟ ਨੂੰ ਫੋਲ ਡਿਠਾ,
ਲੁਕੇ ਭੇਦ ਤੂੰ ਦਿਲਾਂ ਦੇ ਕਢ ਦਿਤੇ।
ਬੂਟੇ ਸਾਰੇ ਹੀ ਆਸ ਦੇ ਚਮਨ ਵਾਲੇ,
ਫਟ ਲਗਨ ਤੋਂ ਪਹਿਲਾਂ ਹੀ ਵਢ ਦਿਤੇ।
ਕੀਤਾ ਬਰੀ ਅਸਾਡਿਆਂ ਕਾਤਲਾਂ ਨੂੰ,
ਸਾਧ ਪਕੜ ਲੀਤੇ ਚੋਰ ਛਡ ਦਿਤੇ।
ਫਟੇ ਦਿਲਾਂ ਨੂੰ ਚੰਗੀ ਏ ਮਰ੍ਹਮ ਲਾਈ,
ਪਟੀ ਆਖਕੇ ਤੀਰ ਚਾ ਗਡ ਦਿਤੇ।

## ਖ਼ਿਜ਼ਾਂ ਬਨਾਂ ਨਹੀਂ ਆਵੇ ਬਹਾਰ ਪਹਿਲਾਂ !

(ਵਲੋਂ ਹੀਰਾ ਸਿੰਘ 'ਦਰਦ')

ਸੁਣਿਆ ਅਸਾਂ ਨੇ ਏਸ ਜਹਾਨ ਅੰਦਰ,
ਖਿਜ਼ਾ। ਬਨਾਂ ਨ ਆਵੇ ਬਹਾਰ ਪਹਿਲਾਂ।

ਬਾਗ ਖੁਸ਼ੀ ਦਾ ਸਦਾ ਹੀ ਖਿੜੇ ਮਗਰੋਂ,
ਪੈਂਦੇ ਗਮਾਂ ਦੇ ਸਿਰਾਂ ਤੇ ਭਾਰ ਪਹਿਲਾਂ।
ਕੀਤਾ ਅਮਰ ਦਸਮੇਸ਼ ਨੇ ਵੇਖ ਪਿਛੋਂ,
ਸੀਸ ਮੰਗਲਏ ਪਕੜ ਤਲਵਾਰ ਪਹਿਲਾਂ।
ਉਸਦਾ ਜੀਊਣਾ ਖਾਕ ਹੈ ਜਗ ਅੰਦਰ,
ਮਰਨ ਵਾਸਤੇ ਜੋਨਹੀਂ ਤਿਆਰ ਪਹਿਲਾਂ।
ਭਾਰਤ ਚਮਨਦੇ ਫਲ ਹੁਣ ਮਿਲਨ ਪਿਛੋਂ
ਸਿੰਜਿਆ ਖੂਨ ਦੀਡੋਹਲਕ ਧਾਰਪਹਿਲਾਂ।
ਛਾਤੀ ਤਾਣਕੇ ਰਖਦੇ ਵੀਰ ਮਰੇ,
ਡਾਇਰ ਰਜਕੇ ਕਰ ਲਵੇ ਵਾਹ ਪਹਿਲਾਂ।
ਸਾਡੀ ਹੀਰ ਆਜ਼ਾਦੀ ਨੇ ਪਾਈ ਚਿਠੀ,
ਕੰਨ ਪਾੜਕੇ ਕਰੋ ਸਿੰਗਾਰ ਪਹਿਲਾਂ।
ਪੇਸ਼ ਜਾਵਣੀ ਨਹੀਂ ਹੈ ਖੇੜਿਆਂ ਦੀ,
ਸਾਡੇ ਲਿਖੇ ਹਨ ਲੇਖ ਕਰਤਾਰ ਪੈਹਿਲਾਂ।
ਮਜ਼ਾ ਮੇਲਦਾ ਪਿਛੋਂ ਹੀ ਆਂਵਦਾ ਹੈ,
ਦਿਲ ਤੜਫਰਿਹਾਵਿਚ ਇੰਤਜ਼ਾਰਪਹਿਲਾਂ।

115

ਘੂਰਾਂ ਸਜਨਦੀਆਂ ਫਟਦੇ ਬੰਦ ਸਿਰਤੇ,
ਝਿੜਕਾਂ ਲਗਦੀਆਂ ਵਾਂਗ ਕਟਾਰ ਪਹਿਲਾਂ।
ਭੰਡੀ ਹੋਂਵਦੀ ਸਾਰੇ ਜਹਾਨ ਅੰਦਰ,
ਰੈਂਹਦਾ ਕੋਈ ਨਹੀਂ ਹੈ ਮਦਦਗਾਰ ਪਹਿਲਾਂ।
ਬੇੜੇ ਸਿਦਕ ਦੇ ਹੋਂਵਦੇ ਪਾਰ ਯਾਰੋ,
ਗੋਤੇ ਆਵੰਦੇ ਵਿਚ ਮੰਝਧਾਰ ਪਹਿਲਾਂ।
ਰੱਬ ਚਾਹਿਆ ਤਾਂ ਹੋਇਗੀ ਈਦ ਘਰ ਘਰ,
ਸਾਰੇ ਮਚ ਚੁਕੀ ਹਾਹਾ ਕਾਰ ਪਹਿਲਾਂ।
ਹੀਰ ਰਾਂਝੇ ਦੇ ਲੇਖ ਹੀ ਲਿਖੀ ਸੀਗੀ,
ਵਣ ਵਣ ਮਚੀ ਸੀ ਕੂਕ ਪੁਕਾਰ ਪਹਿਲਾਂ।
ਦੂਲੇ ਵਤਨ ਦੇ ਕਈ ਬੇਵਤਨ ਹੋਏ,
ਸੋਨੇ ਤਪੇ ਹਨ ਕਈ ਅੰਗਿਆਰ ਪਹਿਲਾਂ।
ਭਾਰਤ ਵਰਸ਼ ਵੀ ਖਿੜੇਗਾ ਠੀਕ ਹੁਣ ਤਾਂ,
ਅੰਤੇ ਮਨ ਵਿਚ ਲਗੀ ਗੁਲਜ਼ਾਰ ਪਹਿਲਾਂ।

++

# ਮਤ੍ਰੇਈ ਦਾ ਪੁਤ੍ਰ !

(ਵਲੋਂ ਹੀਰਾ ਸਿੰਘ "ਦਰਦ")

ਹੋਯਾ ਕੀ ਆ ਦਸ ਪੰਜਾਬ ਸਿੰਘਾ,
ਅਖਾਂ ਰੋਕੇ ਤੁਧ ਸੁਜਾਈਆਂ ਕਿਉਂ ।
ਕੇਹੜੇ ਦੁਸ਼ਟ ਪਾਪੀ ਤੈਨੂੰ ਮਾਰਿਆ ਵੇ,
ਉਚੀ ਬੋਲਕੇ ਪਾਏਂ ਦੁਹਾਈਆਂ ਕਿਉਂ ।
ਤੈਨੂੰ ਹਾਲਤ ਤੋਂ ਕਿਸ ਬਿਹਾਲ ਕੀਤਾ,
ਲਤਾਂ ਭੰਨੀਆਂ ਤੋੜੀਆਂ ਬਾਹੀਆਂ ਕਿਉਂ ।
ਦਸ ਵੀਰ ਕੀ ਵਰਤਿਆ ਨਾਲ ਤੇਰੇ,
ਸਾਡੇ ਕਾਲਜੇ ਕਾਤੀਆਂ ਲਾਈਆਂ ਕਿਉਂ ।

++

ਮੈਂ ਤਾਂ ਮਾਂ ਮਤ੍ਰੇਈ ਦੇ ਵਸ ਪਿਆ,
ਭੈੜੀ ਨੌਕਰਾਂ ਪਾਸੋਂ ਕੁਹਾ ਦਿਤਾ ।
"ਦਰਦ" ਨਾਲ ਜਾਂ ਹਾਲ ਪੁਕਾਰ ਕੀਤੀ,
ਪੁਤ੍ਰ ਭੇਜਕੇ ਲੂਣ ਛਿਣਕਾ ਦਿਤਾ ।

ਵੀਰਾ ਅੰਬੜੀ ਜਾਇਆ ਤਕਿਆ ਜਾਂ,
ਛਾਤੀ ਲਾਕੇ ਮੈਨੂੰ ਸੁਣਾ ਦਿਤਾ।
ਵੀਰਾ ਭੋਲਿਆ ਰਖੀਆ ਆਸ ਕਿਸਤੇ,
ਪੂਰਨਾ ਬਕਰਾ ਜਿਸ ਝਟਕਾ ਦਿਤਾ।

# ਸਿਖਾਂ ਨਾਲ ਸ੍ਰਕਾਰ ਦਾ ਸਲੂਕ

(ਵਲੋਂ ਭਾਈ ਅਛਰ ਸਿੰਘ ਜੀ)
ਗਜਾਨੀ "ਪਰੇਮ"

ਖੜਗ ਚਮਕਦੀ ਸੀ ਜਦੋਂ ਵੈਰੀਆਂ ਦੀ,
ਕੇਸਰ ਬਾਦਸ਼ਾਹ ਸੀ ਮਾਰੋ ਮਾਰ ਕਰਦਾ।
ਮਚੀ ਹਾਲ ਪੁਕਾਰ ਬ੍ਰਤਾਂਨੀਆ ਵਿਚ,
ਔਖੇ ਵੇਲੇ ਨਾ ਕੋਈ ਵੀ ਸਾਰ ਕਰਦਾ।
ਕਾਲੇ ਬਦਲਾਂ ਵਾਕਰਾਂ ਆਣ ਜਰਮਨ,
ਇੰਗਲੈਂਡ ਫਰਾਂਸ ਲਾਚਾਰ ਕਰਦਾ।
"ਪ੍ਰੇਮ ਪਕੜ ਕੇ ਹਥ ਤਲਵਾਰ ਓਦੋਂ,
ਬੀਰ ਖਾਲਸਾ ਜਾਨ ਨਿਸਾਰ ਕਰਦਾ।

ਰਾਜ ਭਗਤ ਹੋਕੇ ਪੰਥ ਖਾਲਸਾ ਨੇ,
ਸਿਰ ਧੜਾਂ ਤੋਂ ਅਡ ਕਰਾਏ ਦਿਤੇ।
ਵਾਂਗ ਛਾਨਣੀ ਹੋਇਕੇ ਜਗ ਅੰਦਰ,
ਮੂਹਰੇ ਹੋਇਕੇ ਮਥੇ ਸਨ ਲਾਇ ਦਿਤੇ।
ਕਈਆਂ ਮਾਂਵਾਂ ਦੇ ਪੁਤ੍ਰਾਂ ਨੇ ਜੰਗ ਅੰਦਰ,
ਹਕਾਂ ਵਾਸਤੇ ਸੀਸ ਘੁਮਾਇ ਦਿਤੇ।
ਡਾਢਾ ਕਹਿਰ ਹੋਇਆ ਹੁਣ "ਪ੍ਰੇਮ" ਵੀਰਾ,
ਹਕ ਖਸਕੇ ਪਰੇ ਬੈਠਾਇ ਦਿਤੇ।

## ਏਹਿ ਤਾਂ ਢੋਲ ਸੁਹਾਵਣਾ ਦੂਰਦਾ ਏ!

(ਵਲੋਂ ਭਾ: ਹੀਰਾ ਸਿੰਘ ਜੀ "ਦਰਦ")

ਬਲਦੀ ਅੱਗ ਥੀਂ ਕਢਆ ਭੁਲ ਕੀਤੀ,
ਮੈਨੂੰ ਪਤਾ ਨ ਕੋਈ ਦਸਤੂਰ ਦਾ ਏ।
ਦੁਧ ਦੇਕੇ ਪਾਲਿਆ ਸਪ ਜਹਿਰੀ,
ਛਾਤੀ ਬੈਠ ਕੇ ਨੀਰ ਹੁਣ ਘੂਰਦਾ ਏ।

ਡੰਗ ਮਾਰ ਕੇ ਜ਼ਹਿਰ ਦਾ ਦੇਵੇ ਛੰਨਾ,
ਅਖੇ ਪੀਓ ਏ ਪਾਣੀ ਅੰਗੂਰ ਦਾ ਏ।
ਏਸ ਦਰਦ ਦਾ ਕਰੇ ਇਲਾਜ ਕੇਹੜਾ,
ਬਸ ਆਸਰਾ ਸਚ ਦੇ ਨੂਰ ਦਾ ਏ।
ਆਇਆ ਲਹੂ ਤਿਹਾਇਆ ਹਾਇ ਪਾਪੀ,
ਡਾਇਰ ਸਪ ਡਵਾਇਰ ਹਜ਼ੂਰ ਦਾ ਏ।
ਬੀਨ ਉਸਦੀ ਉਤੇ ਮਤਵਾਲੜਾ ਏ,
ਕਦੀ ਡੰਗਦਾ ਏ ਕਦੀ ਘੂਰ ਦਾ ਏ।
ਪੀਤਾ ਲਹੂ ਪੰਜਾਬ ਦਾ ਪਾਪੀਆਂ ਨੇ,
ਰੰਗ ਵੇਖ ਲੌ ਹੋਯਾ ਕਚੂਰ ਦਾ ਏ।
ਘਾਓ ਪਕ ਗਏ ਕਿਸੇ ਨ ਲਾਈ ਮਰਹਮ,
ਚਾਰਾ ਚਲਦਾ ਕੀ ਮਜੂਰ ਦਾ ਏ।
ਕਤਲ ਕਰੇ ਤੇ ਪਾਏ ਇਨਾਮ ਦੂਹਰੇ,
ਨਯਾਉਂ ਤਕਿਆ ਏਹ ਹਜ਼ੂਰ ਦਾ ਏ।
ਰੌਲਟ ਮਾਰਸ਼ਲ ਲਾ ਤੇ ਜੇਹਲ ਫਾਂਸੀ,
ਆਦਰ ਹੋਂਵਦਾ ਬੇ ਕਸੂਰ ਦਾ ਏ।

ਧਕੇ ਲਾਨਤਾਂ ਜਗ ਦੇ ਬੰਬ ਸਿਰ ਤੇ,
ਫਲ ਲਭ ਦਾ ਜ਼ੀ ਹਜ਼ੂਰ ਦਾ ਏ।
ਕੇਹੜੀ ਗਲ ਤੇ ਭੁਲਿਆ ਦਰਦ ਵਿਰਦਾ,
ਏਹ ਤਾਂ ਢੋਲ ਸੁਹਾਵਣਾ ਦੂਰਦਾ ਏ।
ਕਿਥੇ ਗਈ ਆ ਭਾਰਤਾ ਓਹ ਲਾਲੀ,
ਤੇਰਾ ਰੰਗ ਹੁਣ ਜਿਵੇਂ ਕਚੂਰ ਦਾ ਏ।
ਕੇਹੜੀ ਆਸ ਤੇ ਕਰੇ ਤੂੰ ਮਿਲ ਵਰਤਨ,
ਸੋਨਾ ਬਣੇ ਨ ਕਦੀ ਮਨੂਰ ਦਾ ਏ।
ਜਿੰਦ ਮੁਕਦੀ ਪਈ ਪਿਆਸਿਆਂ ਦੀ,
ਬਣੇ ਚਸ਼ਮਾ ਨਹੀਂ ਤੰਦੂਰ ਦਾ ਏ।
ਦਾਰੂ 'ਦਰਦ' ਦਾ ਇਕ ਨਾ ਮਿਲ ਵਰਤਨ,
ਬਾਕੀ ਢੋਲ ਸੁਹਾਵਣਾਂ ਦੂਰਦਾ ਏ।

## ਸਾਨੂੰ ਆਖਣਾ ਮਿਲੇ ਖ਼ੁਦਾ ਨਾਹੀ !

[ਵਲੋਂ ਭਾਈ ਹੀਰਾ ਸਿੰਘ ਜੀ "ਦਰਦ"]

121

ਯਾਰੋ ਉਸਨੂੰ ਜਾਕੇ ਕਹੁ ਕੋਈ,
ਦੁਖੇ ਹੋਇਆਂ ਨੂੰ ਹੋਰ ਸਤਾ ਨਾਹੀਂ।
ਤੇਰੇ ਜ਼ੁਲਮ ਤੋਂ ਅਕਕੇ ਰੁਸ ਬੈਠੇ,
ਦਜਾ ਕਚੀਂ ਤੂੰ ਸਾਨੂੰ ਬੁਲਾ ਨਾਹੀਂ।
ਸੁਣੀ ਦਰਦ ਦੀ ਗਲ ਨਾ ਇਕ ਪਹਿਲੋਂ,
ਸਫ਼ਾ ਲਾਕੇ ਭੰਡੀਆਂ ਪਾ ਨਾਹੀਂ।
ਰਹੇ ਤੜਫਦੇ ਕਾਲਜੇ ਤੀਰ ਖਾਕੇ,
ਦਿਤੀ ਤੁਧਨੈ ਕੋਈ ਦਵਾ ਨਾਹੀਂ।
ਕਰੇ ਚੁਪ ਜੇ ਕੋਈ ਲਚਾਰ ਹੋਕੇ,
ਕਹੇ ਉਸਨੂੰ ਦੁਖ ਛਪਾ ਨਹੀਂ।
ਕਤਲ ਕਰਨ ਨੂੰ ਫੜੀ ਤਲਵਾਰ ਆਪੇ,
ਸਾਨੂੰ ਕਹੇਂ ਕਿ ਮੰਗੋ ਦੁਆ ਨਾਹੀਂ।
ਸਾਰੇ ਰੋਕਕੇ ਰਾਹ ਭੀ ਕਹੇਂ ਸਾਨੂੰ,
ਅੰਦਰ ਬੈਠਕੇ ਝਟ ਬਿਤਾ ਨਾਹੀਂ।
ਹੁਕਮ ਰੱਬਦੇ ਵਾਂਗਰਾਂ ਕਰੇਂ ਆਪੇ,
ਸਾਨੂੰ ਆਖਣਾ ਮਿਲੇ ਖੁਦਾ ਨਾਹੀਂ।

ਅਸੀ ਜੀਵਨੇ ਦੀ ਛਡੀ ਆਸ ਐਥੋਂ,
ਘੜੀ ਘੜੀ ਤੂੰ ਸਾਨੂੰ ਡਰਾ ਨਾਹੀਂ ।
ਤੇਰੇ ਵਾਂਗਰਾਂ ਕਿਤਨੇ ਹੋ ਬੀਤੇ,
ਸਿਕੇ ਚੰਮਦੇ ਹੋਰ ਚਲਾ ਨਾਹੀਂ ।
ਮੈਨੂੰ ਆਪਨੇ ਦਿਹੁੰਦੀ ਧੁਪ ਚੰਗੀ,
ਤੇਰੀ ਭਾਵੰਦੀ ਠੰਡੜੀ ਛਾਂ ਨਾਹੀਂ ।
ਦਾਰੂ 'ਦਰਦ' ਦਾ ਕਰਾਂਗੇ ਆਪ ਕੋਈ,
ਤੂੰ ਹੁਣ ਬੂਟੀਆਂ ਘੋਟ ਪਿਲਾ ਨਾਹੀਂ ।

## ਤੇਰੀ ਮਰ੍ਹਮ ਨਾਲੋਂ ਤਿਖੇ ਤੀਰ ਚੰਗੇ !

[ਵਲੋਂ ਭਾਈ ਹੀਰਾ ਸਿੰਘ ਜੀ "ਦਰਦ"]

ਜੋਬਨ ਬਾਗ ਦਾ ਕੜਕਿਆ ਹਾਏ ਤੇਰਾ,
ਪਾ ਲੈ ਪੰਛੀਆਂ ਤਾਈਂ ਜ਼ੰਜੀਰ ਚੰਗੇ।
ਛਡੇ ਰਖ ਇਨਸਾਫ ਹੁਣ ਜ਼ੁਲਮ ਕਰਲੈ,
ਮੈਨੂੰ ਕਾਲਜੇ ਫਟ ਤੇ ਤੀਰ ਚੰਗੇ ।

123

ਛਿਣਕੇ ਲੂਣ ਤੇ ਕਹੇਂ ਮੈਂ ਮਰ੍ਹਮ ਲਾਈ,
ਤੇਰੀ ਮਰ੍ਹਮ ਨਾਲੋਂ ਤਿਖੇ ਤੀਰ ਚੰਗੇ।
ਸੋਹਣੇ ਬਾਗ ਬਗੀਚੜੇ ਫੂਕ ਸਾਈਆਂ,
"ਦਰਦੀ" ਜੰਗਲਾਂ ਵਿਚ ਫਕੀਰ ਚੰਗੇ।

## ਦਫਾ ੧੪੪ ਦੀ ਸਿਫਤ

[ ਵਲੋਂ ਭ੍ਰਾ: ਅਮਰ ਸਿੰਘ ਜੀ ਸਫਦਰ ]

ਗੌਜਰਾ।

ਦਫਾ ਖੂਬ ਹੈ ਸੌ ਤੇ ਚਾਰ ਚਾਲੀ,
ਅਮਨ ਹਿੰਦਦੇ ਵਿਚ ਵਰਤਾਨ ਖਾਤਰ।
ਚਵਾਂ ਪਾਸਿਆਂ ਤੋਂ ਤੇਜ ਵਾਂਗ ਚਕ,
ਜਖਮ ਦਰਦੀਆਂ ਦਿਲਾਂ ਤੇ ਲਾਨ ਖਾਤਰ।
ਸਾਰੇ ਵਿਚ ਕਨੂਨ ਪਰਧਾਨ ਈਹੋ,
ਹਾਕਮ ਵਕਤ ਤੇ ਐਬ ਛੁਪਾਨ ਖਾਤਰ।
ਤੁਰਤ ਫੁਰਤ ਕਰ ਸਕਦਾ ਬੰਦ ਜਲਸੇ,
ਬਨਿਆ ਕੌਮ ਨੂੰ ਜੇਲ ਵਿਚ ਪਾਨ ਖਾਤ੍ਰ।

ਜਿਸਦਾ ਚਾਹੇ ਕਰ ਦਾਖਲਾ ਬੰਦ ਦੇਵੇ.
ਮਨ ਭਾਂਵਦੀ ਕਾਰ ਕਮਾਨ ਖਾਤਰ।
ਸੋਟਾ ਛੁਰੀ ਚਾਕੂ ਜੇਕਰ ਹੋਵੇ ਖੋਹਣਾ,
ਵਰਤੋ ਗਾਤਰੇ ਸਣੇ ਕ੍ਰਿਪਾਨ ਖਾਤਰ।
ਰੈਹਬਰ ਪੁਲਸ ਦਾ ਮਾਂ ਤੇ ਬਾਪ ਏਹੋ,
ਬਨਿਆ ਇਨਾ ਨੂੰ ਰਿਜ਼ਕ ਪੌਚਾਨਖਾਤਰ।
ਹੇਠਾਂ ਰਬ ਤੋਂ ਆਸਰਾ ਅਫਸਰਾਂ ਦਾ,
ਲੀਡਰ ਜੇਲ੍ਹ ਦੇ ਵਿਚ ਤੜਫਾਨ ਖਾਤਰ।
ਧਰਮਸਾਲ ਮੰਦਰ ਅਤੇ ਮਸਜਦਾ ਨੂੰ,
ਪਾਠਸ਼ਾਲਾ ਨੂੰ ਜੰਦਰੇ ਲਾਨ ਖਾਤਰ।
ਦੇਵੇ ਰੋਕ ਤਕਰੀਰ ਤਹਰੀਰ ਸਭ ਦੀ,
ਸ਼ੋਰ ਦਿਨੇ ਜਾਂ ਰਾਤ ਨੂੰ ਪਾਨ ਖਾਤਰ।
ਲਗੇ ਹੋਰ ਨਾ ਜਿਦੇ ਤੇ ਦਾ ਕੋਈ,
ਉਸ ਨੂੰ ਜਾਲ ਦੇ ਵਿਚ ਫਸਾਨ ਖਾਤਰ।
ਸ਼ਾਮਤ ਦੇਸ ਦੀ ਮਸ਼ਗਲਾ ਅਫਸਰਾਂ ਦਾ,
ਮਨ ਭਾਂਵਦੀ ਕਾਰ ਕਮਾਨ ਖਾਤਰ।

125

ਅਮ੍ਰਿਤਧਾਰ ਦੇ ਵਾਂਗ ਅਕਸੀਰ ਨੁਸਖਾ,
ਮਰਜ਼ਾਂ ਸਾਰੀਆਂ ਪੁਟ ਲੈ ਜਾਨ ਖਾਤਰ।
ਬੰਦ ਬੰਦੂ ਦੇ ਵਿਚ ਦਰਯਾ ਕੀਤਾ,
ਬਨਿਆਹਿੰਦਦੇ ਅਮਨ ਅਮਾਨ ਖਾਤਰ।
ਹਰਇਕ ਮਜ਼ਬ ਦੇ ਵਿਚਇਹਦਖਲ ਦੇਵੇ,
ਬ੍ਰਿਟਸ਼ ਕੌਮ ਦਾ ਰਾਜ ਵਧਾਨ ਖਾਤਰ।
ਯੂਰਪੀਨ ਤੇ ਚਲਦਾ ਨਹੀਂ "ਸਫਦਰ"
ਬਨਿਆ ਹਿੰਦ ਦੇ ਅਮਨ ਅਮਾਨ ਖਾਤਰ।

++

## ਝੋਲੀ ਚੁਕ ਕੌਂਸਲਾਂ ਦੇ ਮੈਂਬਰ

++

## ਵੋਟਾਂ ਕਿਸਨੂੰ ਦੇਵੇ !

(ਵਲੋਂ ਸ੍ਰ. ਮਾਨ ਭਾਈ ਸੰਤੋਖ ਸਿੰਘ ਜੀ
ਪ੍ਰਸਿਧ ਕਵੀ)

ਲੰਮੀਆਂ, ਦਾੜ੍ਹੀਆਂ, ਬੀਬੀਆਂ, ਪਗਾਂ,
ਇਹ ਨਹੀਂ ਖਾਸ ਨਿਸ਼ਾਨੀ ।

ਲੰਮੇ ਚੋਗੇ, ਲੰਮੇ ਚੱਲੇ,
ਇਹ ਭੀ ਭੇਖ ਦਿਖਾਨੀ ।
ਬੂਟ ਸੂਟ, ਤੇ ਦਾੜ੍ਹੇ ਬੱਧੇ,
ਇਹ ਵੀ ਆਕੜ ਖਾਨੀ ।
ਗੁਰਮੁਖ ਸਿੱਖ ਗਰੀਬ ਪਜਾਰਾ,
ਪੜ੍ਹੇ ਜੋ ਸਤਿਗੁਰ ਬਾਨੀ ।
ਜਿਸਦਾ ਹਿਰਦਾ ਦਰਦੀ ਹੋਵੇ,
ਦੁਖ ਗਰੀਬ ਵੰਡਾਵੇ ।
ਨਾ ਕੇ ਉਲਟਾ ਵੀਰ ਗਰੀਬਾਂ,
ਫਾਂਸੀ ਪਕੜ ਦਿਵਾਵੇ ।
ਵਿੱਚ ਨਾ ਵੱਡਾ ਤਕਣਾ ਭਾਰਾ,
ਨਾ ਕੋਈ ਵੱਡਾ ਅਹੁੱਦਾ ।
ਨਾ ਉਸਤੋਂ ਕੋਈ ਵੱਢੀ ਲੈਣੀ,
ਲੈਣ ਦੇਣ ਦਾ ਸੌਦਾ ।
ਹਾਜ਼ਰ ਨਾਜ਼ਰ ਸਤਗੁਰ ਕਰਕੇ,
ਜੋ ਜਾਣੇ ਹੈ ਪ੍ਰੇਮੀ ।

ਦੇਸ ਕੌਮ ਦਾ ਪਜ਼ਾਰਾ ਹੋਵੇ,
ਰਹਿਤ ਬਹਿਤ ਦਾ ਨੇਮੀ ।
ਕੌਮੀ ਲਾਟ ਉਤੋਂ ਓਹ ਸਦਕੇ,
ਵਾਂਗ ਪਤੰਗੇ ਹੋਵੇ ।
ਕੌਮੀ ਅਣਖ 'ਪ੍ਰੇਮ ਦੀ ਮਾਲਾ'
ਤੁੱਟੀ ਫੇਰ ਪਰੋਵੇ ।

++

## ਨਹੀਂ ਦੇਣੀ ਮਹਾਰਾਜ, ਪਰਚੀ ਨਹੀਂ ਦੇਣੀ !

ਘਰ ਸਾਡੇ ਵਿਚ ਆਏ ਪ੍ਰਾਹੁਣੇ,
ਸਾਂਭਿਆ ਸਾਜ ਸਮਾਜ । ਪਰਚੀ:
ਘਰ ਸਾਡਾ ਤੇ ਵਤਨ ਅਸਾਡਾ,
ਫਿਰ ਭੀ ਅਸੀ ਮੁਥਾਜ । ਪਰਚੀ:
ਮਾਲ ਡੰਗਰ ਤੇ ਰੂੰ ਵੀ ਲੈ ਗਏ,
ਛਡਿਆ ਨਹੀਂ ਅਨਾਜ । ਪਰਚੀ:

ਭੁਖਿਆਂ ਨੰਗਿਆਂ ਤਰਲੇ ਕੀਤੇ,
ਰੌਲਟ ਛਡਿਆ ਬਾਜ । ਪਰਚੀ:
ਬੈਂਤ ਲਗਾਏ ਬੰਬ ਸੁਟਾਏ,
ਕੀਤਾ ਭੁਖ ਦਾ ਇਲਾਜ । ਪਰਚੀ:
ਬੇਗੁਨਾਹ ਨੂੰ ਗੋਲੀਆਂ ਮਾਰੀਆਂ,
ਨਿਕਲਾ ਕਿਉਂ ਅਵਾਜ । ਪਰਚੀ:
ਮਾਵਾਂ ਸਾਡੀਆਂ ਬੇਪਤਿ ਕਰਕੇ,
ਇਨ੍ਹਾਂ ਨ ਆਈ ਲਾਜ । ਪਰਚੀ:
ਕਾਲਜ ਤੇ ਦਰਬਾਰ ਉਤੇ ਭੀ,
ਨੌਕਰ ਕਰਦੇ ਰਾਜ । ਪਰਚੀ:
ਮੁਸਲਮਾਨਾਂ ਦਾ ਮੱਕਾ ਮਲਿਆ,
ਕਾਬੂ ਕੀਤਾ ਤਾਜ । ਪਰਚੀ:
ਚਤਰ ਸਿੰਘ ਨੂੰ ਪਿੰਜਰੇ ਡਕਕੇ,
ਕੀਤਾ ਪੰਥ ਨਰਾਜ । ਪਰਚੀ:
ਨਾ ਮਿਲ ਵਰਤਨ ਪਾਸ ਹੋਗਿਆ,
ਗਾਂਧੀ ਹੈ ਸਿਰ ਤਾਜ । ਪਰਚੀ:

ਕਹਿੰਦੇ ਨਵੀਆਂ ਬਣੀਆਂ ਕੌਂਸਲਾਂ,
ਇਹ ਸਾਰਾ ਹੈ ਪਾਜ । ਪਰਚੀਃ
ਇਹਨਾਂ ਵਿਚ ਜੋ ਮੈਂਬਰ ਬਣਨਗੇ,
ਓਹਨਾਂ ਦਾ ਕਰੋ ਇਲਾਜ । ਪਰਚੀਃ
ਖਾਰਜ ਕਰੋ ਬਿਰਾਦਰੀ ਵਿਚੋਂ,
ਰਖੋ ਨ ਕੋਈ ਲਿਹਾਜ । ਪਰਚੀਃ
ਪਰਚੀ ਮੰਗਣ ਵਾਲਿਆਂ ਤਾਂਈ,
ਲਖ ਲਾਨਤ ਮਹਾਰਾਜ । ਪਰਚੀਃ

—o—

## ਜੀ ਹਜ਼ਰੀਆਂ ਦੀ ਨਿਰਾਸਤਾ ਝਾਜੀ ਵੇਖੋ ਹੋ ਗਏ ਨੇ ਬਾਗੀ ਸਰਕਾਰ ਦੇ ।

ਲੁਕ ਲੁਕ ਬੈਠ ਜੀਹਜ਼ੂਰੀਏ ਕਰਨ ਗੱਲਾਂ,
ਕੈਟ ਜ਼ਾ ਮੂੰਹ ਵਿਖਾਈਏ ਯਾਰੋ ਵਿਚ ਸੰਸਾਰ ਦੇ ।

ਦੇਸਨੂੰ ਲੁਟਾਯਾਫੇਰਕੌਮਨੂੰ ਕੁਹਾਯਾਹਾਇ,
ਧਰਮ ਰੁੜ੍ਹਾਯਾ ਅਸਾਂ ਵਿਚ ਡੂੰਘੀ ਧ੍ਰਾਰ੍ਹਦੇ।
ਇਕੋ ਜੀ ਹਜ਼ੂਰ ਅਸਾਂ ਯਾਦ ਕੀਤਾ
ਤੋਤੇ ਵਾਂਗ, ਕੀਤਾ ਮਨਜ਼ੂਰ,
ਗੋਰੇ ਮੁਖ ਜੋ ਉਚਾਰ ਦੇ।
ਰਹਿ ਗਏ ਕਨਾਰੇ ਅਸੀ ਵੇਖਦੇ
ਤਮਾਸ਼ਾ ਅਜ, ਬਾਜੀ ਵੇਖੋ
ਲੈ ਗਏ ਨੇ ਬਾਗੀ ਸਰਕਾਰ ਦੇ।
ਲਾਲਾ ਹਰਕਿਸ਼ਨ ਜੀ ਕਲ
ਲੀਡਰ ਪੰਜਾਬ ਦੇ ਸੀ, ਹਾਕਮਾਂ
ਦੇ ਭਾਣੇ ਇਹ ਵੀ ਘਟ ਨ ਗੁਜ਼ਾਰਦੇ।
ਬੈਨਰਜੀ ਵੇਖੋ ਲੀਡਰ ਬੰਗਾਲ
ਵਾਲੇ, ਭੜਕੇ ਬੰਗਾਲੀ
ਆਖੇ ਏਸੇ ਸਰਕਾਰ ਦੇ।
ਅਜ ਇਹ ਵਜ਼ੀਰ ਬਣੇ ਹੋ ਗਏ

ਅਸਾਡੇ ਸਿਰ, ਬਾਜੀ ਵੇਖੋ ਲੈ
ਗਏ ਨੇ ਬਾਗੀ ਸਰਕਾਰ ਦੇ।

## ਸਿਖਯਾ

ਪਾਂਵਦੇ ਨੇ ਮਾਨਕੌਮੀ ਸੇਵਕ ਜਹਾਨ ਵਿਚ,
ਛਡ ਦਿਓ ਯਾਰੋ ਹੁਣ ਤੁਸੀਂ ਜੀ ਜੂਰੀਆਂ।
ਕਰੋ ਕੀ ਵਜ਼ੀਰਆਂ ਤਿਆਗ ਐਸੀ
ਕੌਮੀ ਸੇਵਾ, ਜਿਸ ਨੇ ਖਵਾਈਆਂ
ਅਜ ਮਿਠੀਆਂ ਏਹ ਚੂਰੀਆਂ।
ਕਲ ਨੂੰ ਦਿਵਾਵੇਗੀ ਸ੍ਵਰਾਜ ਦਾ
ਭੀ ਤਾਜ ਏਹੋ, ਚਲੋ ਗਾਂਧੀ ਨਾਲ
ਅਜ ਕਰੋ ਖਾਂ ਮਜੂਰੀਆਂ।
ਨਿਕਲੇ ਅਵਾਜ ਹੁਣ ਸਾਰਿਓਂ
ਸ੍ਵਰਾਜ ਵਾਲੀ, ਇਕੋ ਸਾਲ ਵਿਚ
ਹੀ ਮੁਰਾਦਾਂ ਹੋਣ ਪੂਰੀਆਂ।

(ਦਰਦ)

## ਹਾਏ ਔਨਰੇਬਲੀ !

(ਬੱਧਾ ਸ਼ੇਰ)

ਕਬਿੱਤ

ਇੱਕ ਔਨਰੇਬਲ ਨੇ
ਰੋਣ ਹਾਕਾ ਹੋਇ ਕਿਹਾ,
ਡਾਢੀ ਮੈਨੂੰ ਚੰਬੜੀ ਹੈ
ਮਾਇ ! ਔਨਰੇਬਲੀ।
ਸੂਲੀ ਵਾਲਾ ਸੇਜ ਅਤੇ
ਉਸਤਰੇ ਦੀ ਮਾਲਾ ਵਾਂਗ,
ਦਿਨੇ ਰਾਤ ਰਹੀ
ਤੜਫਾਇ ਔਨਰੇਬਲੀ।
ਹੇਠ ਨੂੰ ਸੀ ਮੰਗੀ ਪਰ
ਮਿਲੀ ਆਣ ਉੱਪਰ ਨੂੰ,
ਕੋਹਲੂ ਵਾਂਗ ਹਡ
ਕੜਕਾਇ ਔਨਰੇਬਲੀ।

ਭੁੱਖ, ਪਜਾਸ, ਨੀਂਦ ਸੁਖ
ਏਸ ਨੇ ਹਰਾਮ ਕੀਤਾ,
ਫੇਰ ਵੀ ਨਾਂ ਛੱਡੀ ਜਾਇ
ਹਾਇ ਔਨਰੇਬਲੀ।
ਦੇਸ਼ ਕੌਮ ਸੰਦੇ ਸਾਂਝੇ
ਫੈਸਲੇ ਤੋਂ ਉਲਟ ਕਰੇ,
ਆਤਮਾ ਦੀ ਵਾਜ ਨੂੰ
ਦਬਾਇ ਔਨਰੇਬਲੀ।
ਵੀਰਾਂ ਨੂੰ ਫਸਾਏ, ਦੇਸ਼
ਘਾਤ ਕਰਵਾਏ ਅਤੇ,
ਚੁਗ਼ਲ ਏਹ ਖੁਸ਼ਾਮਦੀ
ਬਣਾਇ ਔਨਰੇਬਲੀ।
ਜੱਸ ਨੂੰ ਗਵਾਇ, ਆਪ
ਜੱਸ ਖਟਵਾਇ ਤੇ,
ਬਰਾਦਰੀ ਦੀ ਨਜ਼ਰ ਤੋਂ
ਗਿਰਾਇ ਔਨਰੇਬਲੀ।

ਲਾਨਤਾਂ ਮੁਲਾਮਤਾਂ
ਜਹਾਨ ਬੇਸ਼ੁਮਾਰ ਪਾਇ,
ਫੇਰ ਵੀ ਨਾਂ ਛੱਡੀ
ਜਾਇ ਹਾਇਔਨਰੇਬਲੀ।
ਦੇਸ਼ ਵਲੋਂ ਟੁੱਟੇ ਪਰ
ਗੈਰਾਂ ਨਾਲ ਵੀ ਨਾਂ ਜੁੜੇ,
ਦੋਹਾਂ ਅੱਗੇ ਹੀਣਿਆਂ
ਕਰਾਇ ਔਨਰੇਬਲੀ।
ਧੋਬੀਆਂ ਦੇ ਕੁੱਤੇ ਵਾਂਗ,
ਏਧਰੋਂ ਤੇ ਓਧਰੋਂ ਵੀ,
ਘਰੋਂ ਘਾਟੋਂ ਦੋਹਾਂ ਤੋਂ
ਗਵਾਇ ਔਨਰੇਬਲੀ।
ਚੰਗਾ ਭੁਲਾ ਜਾਣਦਾ ਹਾਂ,
ਖੱਟ ਅਪਮਾਨ ਦੀ ਹੈ,
ਫੇਰ ਵੀ ਨ ਛਡੀ ਜਾਇ
ਹਾਇ ਔਨਰੇਬਲੀ।

ਵੇਖਦਿਆਂ ਸੁਣਦਿਆਂ ਨੂੰ
ਅੰਨੇ ਅਤੇ ਬੋਲੇ ਕਰੇ,
ਐਸਾ ਜਾਦੂ ਸਿਰਾਂ ਉਤੇ
ਪਾਇ ਔਨਰੇਬਲੀ ।
ਦੇਸ਼,ਕੌਮ,ਧਰਮ,ਨਯਾਇ,
ਸਭੱਯਤਾ, ਬਰਾਦਰੀ ਦੇ,
ਸਾਰੇ ਹੀ ਫਰਜ਼ ਚਾ
ਭੁਲਾਇ ਔਨਰੇਬਲੀ ।
ਬੁਧ ਤੇ ਵਿਵੇਕ, ਗਯਾਨ,
ਧਯਾਨ ਤੇ ਪ੍ਰਭਾਵ ਪਾਇ,
ਲੱਧਿਆਂ ਜਵਾਨਾਂ ਜਿਉਂ
ਨਚਾਇ ਔਨਰੇਬਲੀ ।
ਅੰਮਾਂ ! ਅਰਦਾਸ ਕਰ !
ਜਾਦੂ ਸਿਰੋਂ ਦੂਰ ਹੋਵੇ,
ਗੁਰੂ ਦਯਾ ਕਰੇ ਤੇ
ਛੁਡਾਇ ਔਨਰੇਬਲੀ ।

# ਮੈਂਬਰ ਕਿਹੋ ਜੇਹਾ ਚੁਣੋ!

ਮੈਂਬਰ ਕੌਮ ਨੂੰ ਲੋੜ ਨ ਮੂਲ ਐਸਾ,
ਜੇਹੜਾ ਵਿਚ ਖਿਤਾਬ ਬੇਹੋਸ਼ ਹੋਵੇ।
ਸੀਨੇ ਵਿਚ ਨ ਰਤਾ ਅਰਮਾਨ ਹੋਵੇ,
ਨਾਹੀਂ ਦਰਦ ਕੌਮੀ ਨਾ ਕੋਈ ਜੋਸ਼ ਹੋਵੇ।
ਜਿਥੇ ਕੌਮ ਸੰਦਾ ਤਕੇ ਘਾਤ ਹੁੰਦਾ,
ਮੋਨ ਧਾਰ ਲਵੇ ਤੇ ਖ਼ਾਮੋਸ਼ ਹੋਵੇ।
ਜ਼ਾਤੀ ਨਫੇ ਦੇ ਵਿਚ ਹੀ ਗਰਕ ਹੋਵੇ,
ਮੋਟੀ ਢਿਡ ਪਰ ਕੌਮ ਫਰੋਸ਼ ਹੋਵੇ।
ਕਰੇ ਫਰਜ ਪੂਰਾ ਜੋ ਬਗਰਜ ਹੋਕੇ,
ਲੀਡਰ ਚਾਹੀਦਾ ਇਹਜਿਆ ਮਰਦ ਹੋਵੇ।
ਰਾਖੀ ਕੌਮ ਦੀ ਕਰੇ ਦਲੇਰ ਹੋਕੇ,
ਚਿਟੇ ਰੰਗ ਨੂੰ ਵੇਖ ਨਾ ਜ਼ਰਦ ਹੋਵੇ।
ਬੂਟਾ ਉਗਿਆ ਜੋਈ ਖੁਸ਼ਾਮਦਾਂ ਦਾ,
ਉਹਨੂੰ ਕਟਣੇ ਲਈ ਆਪ ਕਰਦ ਹੋਵੇ।

137

ਦੁਖੀ ਵੀਰਾਂ ਨੂੰ ਵੇਖਕੇ ਤੜਫ ਉਠੇ.
ਸੀਨੇ ਵਿਚ ਭਰਿਆ ਕੌਮੀ ਦਰਦ ਹੋਵੇ।
[ਗੁਰਮੁਖ ਸਿੰਘ ਗਿਆਨੀ ਸਰਗੋਧਾ]

—+·:·—

## ਕੌਮੀ ਲੀਡਰਾਂ ਦੀ ਪੁਠੀ ਚਾਲ!

ਦੂਰ ਹੋਈ ਬੀਰਤਾ ਤੇ
ਕਾਇਰਤਾਨੇ ਲਾਏ ਡੇਰੇ,
ਧਰਮ ਸੰਦਾ ਨਾਮ ਕੌਮ
ਵਿਚੋਂ ਉਡ ਗਇਆ ਹੈ।
ਧਾਰਮਕ ਅਸਥਾਨ ਹਥ
ਆਗਏ ਕੁਧਰਮੀਆਂ ਦੇ,
ਕਾਲਜ ਪਿਆਰਾ ਵਸ ਗੈਰਾਂ
ਸੰਦੇ ਪਇਆ ਹੈ;
ਤੀਜਾ ਹਿਸਾ ਹਕ ਸਾਡਾ,
ਮਿਲਿਆ ਹੈ ਨਵਾਂ ਸਾਨੂੰ,

ਨਿਮਕ ਹਲਾਲੀ ਸੰਦਾ,
ਮੁਲ ਨ ਕੋਈ ਪਾਇਆ ਹੈ।
ਕੁਸਦੇ ਪਏ ਸਿਖ ਵੀਰ,
ਛੁਟੇ ਹੋਰ ਕੈਦੀ ਵੀਰ,
ਇਨਾਮ ਵਫਾਦਾਰੀ ਸੰਦਾ
ਠੀਕ ਅਸਾਂ ਲਇਆਹੈ।
ਵਾਹਵਾ ਇਹ ਅਨੋਖੀ ਕੌਮ
ਮਾਰੀ ਤੇ ਉਜਾੜੀ ਕਿਸ,
ਆਪਣੇ ਹੀ ਲੀਡਰਾਂ ਨੇ
ਚੰਦ ਚਾ ਚੜ੍ਹਾਇਆ ਹੈ।
ਡੋਬਿਆ ਹੈ ਬੇੜਾ ਭਰਿ
ਕੌਮ ਸੰਦਾ ਲੀਡਰਾ ਨੇ,
ਆਪ ਲੈ ਜਗੀਰਾਂ ਨਿਜ
ਵੀਰਾਂ ਮਰਵਾਇਆ ਹੈ।
ਅਜੇ ਵੀ ਨਾ ਛਡਦੇ ਨੇ
ਖਹਿੜਾ ਇਹ ਪ੍ਰੇਮ ਵੀਰ,

ਕੌਮ ਗਲੇ ਛੁਰੀ ਰਖ
ਗੈਰਾਂ ਤੋਂ ਕੁਹਾਇਆ ਹੈ।
ਉਪਰ ਤੋਂ ਮਿਠੇ ਵਿਚੋਂ
ਵੈਰੀ ਬਨੇ ਕੌਮ ਸੰਦੇ,
ਆਪ ਲੈ ਖਿਤਾਬ ਜੇਹਲੀਂ
ਵੀਰਾਂ ਨੂੰ ਪੁਆਇਆਹੈ।
(ਹਰਨਾਮ ਸਿੰਘ ਰਾਗੀ)

## ਸਿਖ ਮੈਂਬਰੋ ਕੌਂਸਲਾਂ ਛਡ ਦੇਵੋ !

ਸਿਖ ਮੈਂਬਰੋ ਕੁਰਸੀਆਂ ਛਡ ਦੇਵੋ,
ਜਸ ਖਟ ਲੋ ਗੁਰੂ ਦਰਬਾਰ ਦਾ ਜੀ।
ਜੇ ਤਾਂ ਕੌਮ ਦਾ ਸਾਥ ਹੁਣ ਛਡ ਦਿਤਾ,
ਤੌਕ ਪਾਵੋਗੇ ਗਲੀਂ ਗਦਾਰਦਾ ਜੀ।
ਹਾਏ ਜ਼ੁਲਮ ਕੇਡਾ ਗੁਰੂ ਧਾਮ ਜਾਂਦੇ,
ਹਿਰਦਾ ਸਿਖ ਹੈ ਕਿਵੇਂ ਸਹਾਰ ਦਾ ਜੀ।

ਆਵੋ ਮਿਲ ਜਾਵੋ ਤੁਸੀਂ ਵੀਰ ਮੇਰੇ,
ਸਮਾ ਆਯਾ ਕੋਈ ਗੁਲਜ਼ਾਰ ਦਾ ਜੀ।
ਆਵੋ ਮਿਲ ਜਾਵੋ ਤੁਸੀਂ ਵੀਰ ਮੇਰੇ,
ਏਹ ਤਾਂ ਸਮਾਂ ਹੈ ਵੀਰ ਪਯਾਰ ਦਾ ਜੀ।
ਆਵੋ ਮਿਲ ਜਾਵੋ ਤੁਸੀਂ ਵੀਰ ਸੋਹਣੇ,
ਮੈਂ ਤਾਂ ਭੁਖਾ ਹਾਂ ਤੁਹਾਡੇ ਦੀਦਾਰ ਦਾ ਜੀ।
ਸਿਖ ਲੀਗ ਦਾ ਹੁਕਮ ਪ੍ਰਵਾਨ ਕਰ ਲੋ,
ਭਾ ਪੁਛ ਲੌ ਠਾਕ ਬਜ਼ਾਰ ਦਾ ਜੀ।

ਦਾਸ—ਹਰਦਿਤ ਸਿੰਘਗ੍ਰੰਥੀ(ਖਿਜਰਾਬਾਦ)
ਜਿ: ੨ ਨੰ: ੭੩

## ਰੋੜਾ ਕੌਮ ਦੇ ਰਾਹ ਅਟਕਾਨ ਜੇਹੜੇ!

ਫਿਟ ਲਾਨਤਾਂ ਉਨ੍ਹਾਂ ਭੜਭੁੰਜਿਆਂ ਤੇ,
ਰੋੜਾ ਕੌਮ ਦੇ ਰਾਹ ਅਟਕਾਨ ਜੇਹੜੇ।

141

ਦਿਲ ਜੀ ਹਜ਼ੂਰੀਆਂ ਬੰਨ੍ਹ ਪਲੇ,
ਲੋਈ ਲਜਿਆ ਨੂੰ ਸੁਟ ਜਾਨ ਜੇਹੜੇ।
ਸੋਹਣੇ ਮੁਖੜੇ ਬਾਬੀਆਂ ਬੰਨ ਪਗਾਂ,
ਕੌਮ ਰਾਹ ਕਵੱਲੜੇ ਪਾਨ ਜੇਹੜੇ।
ਕਾਲਖ ਖੋਟ ਤੇ ਦਿਲਾਂ ਨੂੰ ਰਖ ਓਹਲੇ,
ਹਥ ਖੜੇ ਅਸਮਾਨ ਨੂੰ ਲਾਨ ਜੇਹੜੇ।
"ਬਿਰਹਾ"

## ਦੋ ਬੇੜੀਆਂ !

(ਵਲੋਂ ਬੱਧਾ ਸ਼ੇਰ)

ਪਸ਼ੂ ਪੰਛੀਆਂ ਦਾ ਕੇਰਾਂ ਜੰਗ ਛਿੜਿਆ,
'ਚਾਮਚਿੜ' ਚਾਲਾਂ ਉਸ ਵਿਚ ਕਰਨ ਲਗੇ
ਕਦੇ ਆਖਦੇ ਅਸੀਂ ਹਾਂ ਪਰਾਂ ਵਾਲੇ,
ਹਾਮੀ ਪੰਛੀਆਂ ਵਲ ਦੀ ਭਰਨ ਲਗੇ।
ਕਦੀ ਆਖਦੇ ਦੁਧ ਚੁੰਘਾਵੰਦੇ ਹਾਂ,
ਖਾਲਿਸ ਪਸ਼ੂ ਬਣਕੇ ਓਥੇ ਵੜਨ ਲਗੇ।

ਗ਼ਰਜ਼ ਪ੍ਰਬਲ ਪਾਸਾ ਜੇਹੜਾਂ ਨਜ਼ਰ ਆਵੇ,
ਛੋਹਨ ਉਸ ਪਾਸੇ ਕਦਮ ਧਰਨ ਲਗੇ।

-+-+-

ਜੰਗ ਮੁਕਿਆ ਤਾਂ ਦੋਹਾਂ ਧਿਰਾਂ ਰਲਕੇ,
ਫੜ ਚਮਗਾਦੜਾਂ ਦਾ ਬੁਰਾ ਹਾਲ ਕੀਤਾ।
ਪਸ਼ੂ ਪੰਛੀਆ ਦੋਹਾਂ ਨੇ ਛੇਕ ਦਿਤਾ,
ਫਿਟਕਾਂ ਲਾਨਤਾਂ ਨਾਲ ਪਾਮਾਲ ਕੀਤਾ।
ਓਸੇ ਦਿਨ ਦੁਰਕਾਰਿਆ ਦੁਸ਼ਟ ਜਿਸਨੇ,
ਸ੍ਵਾਰਥ ਲਈ ਧ੍ਰੋਹ ਕੌਮ ਦੇ ਨਾਲ ਕੀਤਾ।
ਦਿਨੇ ਖੌਫ ਦਾ ਮਾਰਿਆ [illegible],
ਸ਼ੁਰੂ ਨਿਕਲਨਾ ਰਾਤ੍ਰੇ ਚਾਲ ਕੀਤਾ।

-+-+-

ਤਿਵੇਂ ਆਦਮੀ ਰੂਪ ਕੁਝ ਚਾਮ ਚਿਠਾਂ,
ਅਜ ਕਲ ਵੀ ਪਾਲਸੀ ਕਰਦੀਆਂ ਨੇ।
ਨੌਕਰ ਸ਼ਾਹੀ ਦੀ ਕਛ ਵਿਚ ਆਪ ਬਹਿਕੇ
ਲੂਣ ਦੇਸਦੇ ਜ਼ਖਮ ਤੇ ਧਰਦੀਆਂ ਨੇ।

ਕਦੀ ਆਪਣੀ ਚਾਲ ਯਾ ਗ਼ਰਜ਼ ਪਿਛੇ,
ਦੇਸ਼ ਕੌਮ ਤੇ ਪੰਥ ਦਮ ਭਰਦੀਆਂ ਨੇ ।
ਘਾਤ ਗਰਜ਼ ਹਿਤ ਦੋਹਾਂਦਾ ਕਰਦੀਆਂ ਨੇ,
ਹਰਹਰਡਰਦੀਆਂਕਰਦੀਆਂਮਰਦੀਆਂਨੇ।

-+-

ਐਸੈ ਮੂਰਖਾਂ ਨੂ ਕੋਈ ਦਸ ਦੇਵੇ,
ਹੁੰਦਾ ਕਦੇ ਦੇ ਬੇੜੀਆਂ ਪਾਰ ਨਾਹੀਂ ।
ਦੁਬਿਧਾ ਵਿਚ ਮਾਇਆ ਰਾਮ ਦੋਏ ਜਾਂਦੇ,
ਲੜਾ ਕਿਰਲੇਦਾ ਕੋਈ ਇਤਬਾਰ ਨਾਹੀਂ।
ਵਲੈਆਂ ਦਾ ਨਹੀਂ ਰਜ ਖਾਂਦਾ,
ਦੋਸ਼ ਦ੍ਹੀ ਦਾ ਕਿਤੇ ਸਤਕਾਰ ਨਾਹੀਂ ।
ਸਚੇ ਦਿਲੋਂ ਇਕ ਤਰਫ ਹੋ ਜਾਓ ਫ਼ੌਰਨ,
ਦੋਹਾਂ ਵਲੋਂ ਜੇ ਹੋਣਾ ਖੁਵਾਰ ਨਾਹੀਂ ।

-+-

## ਬੱਦਰਦ ਹਿੰਦੀ

[ਮਰਯਾਦਾ ਵਿਚੋਂ ਉਲਥਾ ਕੀਤਾ 'ਦਰਦ']

ਉਧਰ ਆਕੜ ਭਰੇ ਗੋਰੇ
ਬਣੇ ਸਰਕਾਰ ਬੈਠੇ ਨੇ,
ਇਧਰ ਕਾਲੇ ਸ੍ਵਰਾਜ ਦੇ
ਸਭੇ ਹਕਦਾਰ ਬੈਠੇ ਨੇ।
ਅਜਬ ਹਾਲਤ ਹੈ ਭਾਰਥ ਦੀ
ਸਮੇਂ ਨੇ ਗੇੜ ਖਾਧਾ ਹੈ,
ਮਿਤਰ ਸਾਡੇ ਭੀ ਅਜ ਵੇਖੋ
ਪਕੜ ਤਲਵਾਰ ਬੈਠੇ ਨੇ।
ਅਸੀਂ ਹਾਂ ਵੇਖਦੇ ਬੈਠੇ
ਕਿ ਕੀ ਹੁਣ ਰੰਗ ਖਿੜਦਾ ਹੈ,
ਇਥੇ ਮਜ਼ਦੂਰ ਭੀ ਵੇਖੋ
ਕਿਵੇਂ ਬੇਕਾਰ ਬੈਠੇ ਨੇ।
ਕਿਤੇ ਹੁਣ ਬਿਜਲੀਆਂ ਚਮਕਨ
ਭਰਨ ਅਕਾਸ਼ ਨੂੰ ਸਾਰਾ,
ਹੇ ਸਾਈਆਂ ਬੰਦਗੀ ਵਾਲੇ
ਤੇਰੇ ਦਰਬਾਰ ਬੈਠੈ ਨੇ।

ਕਹੇਗਾ ਕੌਨ ਨ ਸ਼ਾਬਾ
ਬਹਾਦਰ ਬਾਗ਼ ਜਲਿਆਂ ਦੇ,
ਓਹ ਲੈ ਹਥਯਾਰ ਬੈਠੇ ਨੇ
ਏਹ ਬੇਹਥਿਆਰ ਬੈਠੇ ਨੇ।
ਉਧਰ ਸਾਮਾਨ ਸਭ ਜੰਗੀ
ਖੁਲੇ ਸੀਨੇ ਇਧਰ ਬੈਠੇ,
ਓਹ ਫਿਰ ਭੀ ਰੋ ਰਹੇ
ਵੇਖੋ ਬੜੇ ਬੇਜ਼ਾਰ ਬੈਠੇ ਨੇ।
ਅਸਾਂ ਨੂੰ ਕੀ ਫਿਕਰਹਾਲਤ
ਬਣਗੀ ਕੀ ਵਕੀਲਾਂਦੀ;
ਜੋ ਧਨ ਵਾਲੇ ਇਸੇ ਸੂਕਾਰ
ਦੇ ਬਣ ਯਾਰ ਬੈਠੇ ਨੇ।
ਤਰਸ ਆਵੇ ਉਨਾ ਪਰ ਭੀ
ਜੋ ਹਿੰਦੀ ਨ ਸਮਝਦੇ ਨੇ,
ਓਹ ਫਿਰਭੀ ਕੌਂਸਲਾਂ ਵਿਚ
ਜਾਣ ਨੂੰ ਹੋ ਤਯਾਰ ਬੈਠੇ ਨੇ।

ਜਿਨਾਨੇ ਮੂਲਕ ਦੀ ਇਜ਼ਤ
ਆਜ਼ਾਦੀ ਨੂੰ ਤਬਾਹ ਕੀਤਾ,
ਹਾਇ ਬੇ ਦਰਦ ਇਹ ਹਿੰਦੀ
ਓਨ੍ਹਾਂ ਦੇ ਯਾਰ ਬੈਠੇ ਨੇ।

++

## ਜੀਹਜ਼ੂਰੀਆਂ ਬਾਜਨਾ ਆਵਨਜੇ

[ਵਲੋਂ ਭਾਃ ਤਾਰਾ ਸਿੰਘ ਸਯਦ]

ਭੌਂਦੂ ਅਜੇ ਵੀ ਸੋਚਦੇ ਫਿਰਨ ਯਾਰੋ,
ਆਖਣ ਕਰੂ ਇਨਸਾਫ ਸਰਕਾਰ ਕੋਈ।
ਸੋਹਣੀ ਸ਼ਕਲ ਨੂੰ ਵੇਖ ਕਰ ਮਸਤ ਹੋ ਗਏ,
ਪਏ ਸੋਚਦੇ ਦੇਹ ਦੀਦਾਰ ਕੋਈ।
ਏਸੇ ਇਸ਼ਕ ਵਿਚ ਹਨਗੇ ਮਸਤ ਬੈਠੇ,
ਕਦੀ ਆਨ ਲੰਘਾਵਸੀ ਪਾਰ ਕੋਈ।
ਟੰਗਾਂ ਟੁਟੀਆਂ ਹਥਿ ਬੇਕਾਰ ਹੋ ਗਏ,
ਜੀ ਹਹੂਰ ਦੀ ਲਗੀ ਤਲਵਾਰ ਕੋਈ।

++

147

ਲਖ ਲਾਨਤਾਂ ਪੈਨ ਤੇ ਪੈਨ ਧਕੇ,
ਜੀ ਹਜੂਰੀਆਂ ਬਾਜ ਨਾ ਆਵਨਾ ਜੇ।
ਤੁਸੀ ਰੁਸ ਜਾਵੋ ਭਾਂਵੇ ਰਵੋ ਰਾਜੀ,
ਏਹਨਾ ਖਟਿਆ ਜੀਭ ਦਾ ਖਾਵਨਾ ਜੇ।
ਸਾਰਾ ਜੱਗ ਭਾਵੇਂ ਯਾਰੋ ਜੇਹਲ ਜਾਵੇ,
ਇਸ਼ਕ ਏਹਨਾ ਨੇ ਤੋੜ ਨਭਾਵਨਾ ਜੇ।
ਚਿਟਾ ਇਸ਼ਕ ਹੈ ਚਿਟਿਆਂ ਨਾਲ ਲਗਾ,
ਚਿਟਾ ਦਾਗ ਨਾ ਮੂਲ ਵੰਞਾਵਨਾ ਜੇ।

## ਅਕਾਲੀ ਅਖਬਾਰ

## ਅਕਾਲੀ ਦੇ ਦਰਸ਼ਨ !

ਪ੍ਰਗਟਜਾਅਕਾਲੀਗੁਰੂਕਾਲਰੈਹਤਕਰੇਸਦਾ
ਪੰਥ ਵਿਚ ਜੋਸ਼ ਤੇ ਖ਼ਰੋਸ਼ ਫੈਲਾਂਵਦਾ,
ਬੀਰਤਾ ਦੇ ਲੇਖ ਨਿਰਭਉਹੋਕੇਲਿਖਲਿਖ !
ਸਿੰਘਾਂਤਾਂਈਸੂਰਬੀਰਨਿਰਭਉਬਨਾਂਵਦਾ !

ਪੰਥਸੰਦੀ ਟੈਹਲਕਰ ਦੁਖ ਪਾ ਸ਼ਹੀਦਹੌਣਾ,
ਕੈਦ ਹੋਣੋਂ ਕਾਲ ਹੋਣੋਂ ਡਰ ਨਹੀਂ ਆਂਵਦਾ!
ਧੰਨਦਸਮੇਸ ਆਪੇ ਲੋੜ ਵੇਲੇ ਪੰਥਵਿਚੋਂ,
ਆਪਣੇ ਪਿਆਰੇ ਸੇਵਾਹਿਤ ਪ੍ਰਗਟਾਂਵਦਾ,
(ਦਾਸ–ਤੇਜਾ ਸਿੰਘ ਹਜ਼ੂਰੀਆ)

## ਅਕਾਲੀ ਨੂੰ ਵਧਾਈ!

ਕਬਿਤ

ਸ਼ਾਬਾਸ਼ੇ ਅਕਾਲੀ
ਤੇਰੀ ਚਾਲ ਹੈ ਨਿਰਾਲੀ,
ਡਾਢੀ ਘਾਲ ਕੇ ਤੇ ਘਾਲ
ਸੇਵਾ ਪੰਥ ਦੀ ਕਮਾਈ ਤੈਂ।
ਦੁਖਾਂ ਦੀ ਹਨੇਰੀ ਚਲੀ
ਸਿਰ ਤੇ ਬਹੁ ਤੇਰੀ,
ਤਾਂ ਭੀ ਸਚ ਦੀ ਅਵਾਜ਼ ਹੇ
ਨਿਡਰ ਹੈ ਉਠਾਈ ਤੈਂ।

149

ਸੁਤਿਆਂ ਜਗਾਏ ਵਲ
ਏਕਤਾ ਲਿਆਏ ਕੇ ਤੇ,
ਲੇਹਰ ਸ੍ਵਰਾਜ ਵਿਚ
ਦੇਸ ਦੇ ਚਲਾਈ ਤੈਂ।
ਸਤਿਗੁਰੂ ਨਾਨਕ ਦੇ
ਭਾਗ ਭਰੇ ਦਿਨ ਆਜ,
ਲਖ ਲਖ ਪ੍ਰੇਮ ਸੈਹਿਤ
ਦੇਂਵਦਾ ਵਧਾਈ ਮੈਂ।
( ਸ: ਸਿੰਘ, ਕਲਕਤਾ )

++

ਮੰਗਲ ਸਿੰਘ ਅਕਾਲੀ ਦੀ ਜਾਨ ਸੀਗਾ,
ਜਿਨ ਬੂਟੜਾ ਸੀ ਹਥੀਂ ਆਪ ਲਾਇਆ।
ਏਹਨੇ ਹਿੰਦ ਅਜਾਦ ਕਰਾਵਨੀ ਸੀ,
ਜ਼ੀ ਹਜੂਰੀਆਂਨੇ ਦੁਖਾਂ ਵਿਚ ਪਾਇਆ।
ਸ਼ਾਬਾਸ਼ ਹੈ ਇਹਦੇ ਪਰਬੰਧਕਾਂ ਨੂੰ,
ਜੇਹਲਾਂ ਵਿਚ ਪਹੁੰਚੇ ਦਿਲ ਨਹੀਂ ਢਾਇਆ।

ਸੁਤੇ ਪਏ ਸ਼ੇਰ ਨੂੰ
ਲੜਾੜਿਆਮ੍ਰਿਗਾਵਲੀਨੇ,
ਵੰਡੇ ਗਏ ਦਾਣੇ, ਬਾਕੀ
ਰਹੀ ਹੈ ਪਰਾਲੀ ਜੀ।
ਦਿਲਦੀ ਦਲੇਰੀ ਬਿਨਾਂ
ਮਿਲਣਾਂ ਨ ਕੱਖ ਹੁਣ,
ਕਿਥੋਂ ਤੀਕ ਦਿਉਗੇ
ਖੁਸ਼ਾਮਤਾਂ ਦੀ ਡਾਲੀਜੀ।
ਲੁੱਟੇ ਪੁੱਟੇ ਗਏ ਹੁਣ
ਸੁਣੇ ਨਾ ਦੁਹਾਈ ਕੋਈ,
ਭੇਜੀਏ ਅਕਾਲ ਕੋਈ
ਸ਼ਕਤੀ "ਅਕਾਲੀ" ਜੀ।

## ਹਾਇ ਕਸ਼ਟ !

ਸੀਨੇ ਚਾਕ ਸਾਡੇ ਕੋਈ ਆਨ ਵੇਖੇ,
ਪਏ ਤੜਫਦੇ ਵਿਚ ਹਾਂ ਆਹੀਆਂ ਦੇ।

ਹੋਇਆ ਕਹਿਰਤੇਵਰਤਿਆਕੀਭਾਣਾਂ,
ਮੁਲ ਪਏ ਨਾ ਜਾਨਾਂ ਕੁਹਾਈਆਂ ਦੇ ।
ਹਕ ਛੀਨ ਹੋਏ ਛੁਟੇ ਵੀਰ ਨਾਹੀਂ,
ਦੁਖ ਸੁਣੇ ਨਾ ਕੋਈ ਦੁਹਾਈਆਂ ਦੇ ।
ਹੁਣ ਬਹੁੜ ਓ ਸਤਿਗੁਰਾ ਵਾਸਤਾਈ,
ਸਹੇ ਜਾਣ ਨ ਕਸ਼ਟ ਜੁਦਾਈਆਂ ਦੇ ।
(ਦਾਸ—ਹਰਨਾਮ ਸਿੰਘ ਰਾਗੀ ਬੁਚੇਕੇ)

## ਹੁਣ ਬਹੁੜ ਪੰਥ ਦੇ ਵਾਲੀ,
## ਰਾਹ ਵੇਖੇ ਫੌਜ ਅਕਾਲੀ !

ਚਾਰ ਦੁਲਾਰੇ ਪੰਜ ਪਿਆਰੇ,
ਲੈਕੇ ਮੁਕਤੇ ਚਾਲੀ ।
ਫੇਰ ਡਾਹਢਿਆਂ ਲੋਕ ਦੁਖਾਏ,
ਕੌਣ ਕਰੇ ਰਖਵਾਲੀ ।
ਧਕੇ ਵਾਲੀ ਅੰਤ ਹੋਗਈ,
ਭਾਰਤ ਹੋਇਆ ਸਵਾਲੀ ।

ਅਰਜਨ ਸਿੰਘ ਪਹਾੜ ਕਟ ਚੀਰ ਜੰਗਲ,
ਗਜਦਾਹੋਇਆ ਅਕਾਲੀਹੈ ਫੇਰਆਇਆਂ।
(ਅਰਜਨ ਸਿੰਘ ਰਾਗੀ, ਢੁਡਿਆਲ)
ਜਿਲਦ ੨ ਨੰ: ੯

# ਦੁਖਾਂ ਦੀ ਨਿਵਰਤੀ ਲਈ ਸਤਿਗੁਰ ਜੀ ਦੀ ਯਾਦ !

++

# ਭੇਜੀਏ ਅਕਾਲ ਕੋਈ ਸ਼ਕਤੀ "ਅਕਾਲੀ" ਜੀ !

(ਵਲੋਂ ਸੰਤੋਖ ਸਿੰਘ)

ਕਬਿੱਤ

ਸੁਤੀ ਕੌਮ ਲੁਟੀ ਗਈ,
ਪਾਹਰੂਆਂ ਨੇ ਘਰ ਭੰਨੇ
ਬਾਗ ਵਿਚੋਂ ਬੂਟੇ ਆਪ,
ਪੁੱਟ ਘੱਤੇ ਮਾਲੀ ਜੀ।

151

ਜਿਨ੍ਹਾਂ ਤੇ ਉਮੈਦਾਂ ਪਾਈਆਂ
ਉਮਰਾਂ ਦੀ ਕੈਦਾਂ ਸਾਨੂੰ,
ਕੌਮ ਨੂੰ ਕੁਹਾਯਾ ਲੈ
ਖਿਤਾਬਾਂ ਦੀ ਦਲਾਲੀ ਜੀ।
ਕੌਮ ਦਾ ਜੋ 'ਜੰਗੀ ਹਿਸਾ'
ਜੰਗ ਨੇ ਮੁਕਾਇ ਦਿਤਾ,
ਹੋਂਵਦੀ ਨ ਪੁੱਛ ਅਜ
ਐਵੇਂ ਗਈ ਘਾਲੀ ਜੀ।
ਲੁੱਟੇ ਪੁੱਟੇ ਗਏ ਹੁਣ
ਸੁਣੇ ਨ ਦੁਹਾਈ ਕੋਈ,
ਭੇਜੀਏ ਅਕਾਲ ਕੋਈ
ਸ਼ਕਤੀ ਅਕਾਲੀ ਜੀ।
ਕੁੱਸੇ ਗਏ ਵੀਰ, ਪੀੜ
ਜ਼ਰਾ ਨਾ ਸੁਝਾਈ ਕਿਸੇ,
ਹਾਇ ਨ ਉਠਾਈ ਕਿਸੇ
ਘਰ ਹੋਗਏ ਖਾਲੀ ਜੀ।

ਫਸੀ ਔਕੜਾਂ ਅੰਦਰ ਸਾਈਆਂ,
ਕੌਮ ਦੁਖਾਂ ਦੀ ਪਾਲੀ।
ਆਕੇ ਦੇਖ ਬਾਗ ਦੀ ਹਾਲਤ,
ਪੰਥ ਬਾਗ ਦੇ ਮਾਲੀ।
ਫੁਲ ਟਹਿਕਦੇ ਤੇਰੇ ਚੁਣ ਚੁਣ,
ਬੁਲ ਬੁਲ ਪਿੰਜਰੇ ਡਾਲੀ।
ਦਿਸੇ ਨਾਂ ਤੇਰੇ ਸਿਖਾਂ ਅੰਦਰ,
ਸ਼ਕਤੀ ਅੰਮ੍ਰਤ ਵਾਲੀ।
ਝੁਲਿਆ ਹੈ ਤੁਫਾਨ ਹਨੇਰੀ,
ਉਠੀ ਹੈ ਘਟ ਕਾਲੀ।
ਚਿੜੀਆਂ ਕੋਲੋਂ ਬਾਜ ਡਰਾ ਜਾ,
ਪਿਆਕੇ ਅੰਮ੍ਰਤ ਪਿਆਲੀ।
ਭੇਜ ਕਿਸੇ ਮਾਈ ਭਾਗੋ ਨੂੰ,
ਰਖ ਲਏ ਜਾਂਦੀ ਲਾਲੀ।
(ਝੰਡਾ ਸਿੰਘ ਆਲਮ ਫੀਰੋਜ਼ਪੁਰੀ)

—+—+—

155

# ਬਾਬੇ ਅਗੇ "ਰੋਗੀਆਂ ਦੀ ਪੁਕਾਰ" !

ਸੁਣਿਆਂ ਵੈਦ ਹੈਂ ਤੂੰ ਰੋਗਾਂ ਗੁਝਿਆਂ ਦਾ,
ਬਾਬਾ ਰੋਗ ਅਸਾਡੜੇ ਦੂਰ ਕਰ ਦੇ।
ਦੇਕੇ ਏਕਤਾ ਦੀ ਚੂੰਡੀ ਇਕ ਸਾਨੂੰ,
ਡਰ ਛਾਤੀਓਂ ਕਢ ਕਫੂਰ ਕਰਦੇ।
ਫਿਰੀਏ ਦੇਸ ਦੇ ਵਿਚ ਅਜ਼ਾਦ ਬਾਬਾ,
ਕੈਦ ਬੁਲਬੁਲਾਂ ਦੀ ਆਕੇ ਦੂਰ ਕਰਦੇ।
ਯਾਂ ਤਾਂ ਧਰਮ ਅਸਥਾਨ ਆਜ਼ਾਦ ਕਰਦੇ,
ਲਛਮਨ ਵਾਂਗ ਯਾ ਫੇਰ ਸਰੂਰ ਕਰਦੇ।
ਯਾਂ ਤਾਂ ਠੰਢ ਵਰਤਾਏ ਦੇ ਦੇਸ ਅੰਦਰ,
ਯਾਂ ਫਿਰ ਛਾਤੀਆਂ ਵਾਂਗ ਤੰਦੂਰ ਕਰਦੇ।
ਸਾੜ ਸੁਟੀਏ ਇਹ ਅਸਮਾਨ ਨੀਲਾ,
ਹਾਵਾਂ ਵਿਚ ਏਹ ਅਸਰ ਜ਼ਰੂਰ ਕਰਦੇ।

ਇਥੇ ਜ਼ੁਲਮ ਤੇ ਸਬਰ ਦੀ ਹਦ ਹੋਗਈ,
ਪੈਦਾ ਫਟਾਂ ਤੇ ਜ਼ਰਾ ਅੰਗੂਰ ਕਰ ਦੇ।
ਸੇਵਕ ਆਇਕੇ ਫੇਰ ਇਕ ਵਾਰ ਬਾਬਾ,
ਦੂਰ ਜ਼ਾਲਮਾਂ ਸਿਰੋਂ ਫਤੂਰ ਕਰ ਦੇ।

(ਮਨੋਰਥ ਸਿੰਘ ਕਲਕਤਾ)

ਜਿਲਦ ੨ ਨੰ: ੧੯

## ਊਚ ਨੀਚ ਦੇ ਲਈ ਹੈ ਸਦਾ ਖੁਲਾ ਬਾਬਾ ਨਾਨਕ ਜੀ ਤੇਰਾ ਭੰਡਾਰ ਸਤਿਗੁਰ।

ਆਦ ਗੁਰਾਂ ਤਾਈਂ ਨਮਸਕਾਰ ਮੇਰੀ,
ਤੂੰ ਹੈਂ ਨੇਹ ਕਲੰਕ ਅਵਤਾਰ ਸਗਿੁਰ।
ਜਿਵੇਂ ਤਾਰਿਆ ਸੀ ਲਾਲੋ ਕੋਧਰੇ ਨੂੰ,
ਤਿਵੇਂ ਮੁਝ ਗਰੀਬ ਨੂੰ ਤਾਰ ਸਤਿਗੁਰ।
ਵਧੇ ਪਾਪ ਹਦੋਂ ਬਾਹਲਾ ਜਗਤ ਅੰਦਰ,
ਹੋਏ ਈਸ਼੍ਵਰ ਦੇ ਜੀ ਲਚਾਰ ਸਤਿਗੁਰ।

ਰਾਜੇ ਹੋਏ ਕਸਾਈ ਬੇਰਹਿਮ ਹਾਕਮ,
ਧਰਮ ਚਲਿਆ ਹੈ ਉਡਾਰ ਸਤਿਗੁਰ।
ਹੋਵੇ ਪਾਲਨਾ ਮੂਲ ਨਾ ਰਈਯਤਾਂ ਦੀ,
ਅਹਿਲਕਾਰ ਹੋਗਏ ਬਦਕਾਰ ਸਤਿਗੁਰ।
ਹਰਦਮ ਗਊ ਗਰੀਬ ਤੇ ਜ਼ੁਲਮ ਹੁੰਦੇ,
ਲੋਕੀ ਭੁਲ ਗਏ ਜਾਪਕਰਤਾਰ ਸਤਿਗੁਰ।
ਹੋਏ ਧਰਮ ਨੂੰ ਛਡ ਬੇ ਧਰਮ ਸਾਰੇ,
ਮਚੀ ਆਨ ਡਾਢੀ ਹਾ ਹਾ ਕਾਰ ਸਤਿਗੁਰ।
ਦੁਖੀ ਦੇਖ ਕੇ ਜਗਤ ਦੇ ਜੀਵ ਸਾਰੇ,
ਕੀਤੀ ਮੇਂਹਰ ਕਰਤਾਰ ਅਪਾਰ ਸਤਿਗੁਰ।
ਮਹਾਂ ਕਾਲ ਦੀ ਪਾਇਕੇ ਆਗਿਆ ਨੂੰ,
ਦਿਤਾ ਆਪਨੇ ਆਨ ਦੀਦਾਰ ਸਤਿਗੁਰ।
ਭਾਨ ਸਚ ਦਾ ਆਨਕੇ ਉਦੇ ਹੋਇਆ,
ਦੂਰ ਹੋਗਿਆ ਅੰਧ ਗੁਬਾਰ ਸਤਿਗੁਰ।
ਚੜ੍ਹਿਆ ਸੱਚ ਦਾ ਸੂਰ ਹੈ ਜਗਤ ਅੰਦਰ,
ਭੇਖੀ ਉਲੂ ਜਾ ਛਿਪੇ ਵਿਚਗਾਰ ਸਤਿਗੁਰ।

ਕੀਤਾ ਜੰਗ ਆ ਨਾਲ ਪਾਖੰਡੀਆਂ ਦੇ,
ਲੈਕੇ ਬਾਣੀ ਦੀ ਹਥ ਤਲਵਾਰ ਸਤਿਗੁਰ।
ਪਹਿਲਾਂ ਸੋਧਿਆ ਦੇਸ ਪੰਜਾਬ ਸਾਰਾ,
ਸਤਿ ਨਾਮ ਦਾ ਕਰ ਪ੍ਰਚਾਰ ਸਤਿਗੁਰ।
ਵਡੇ ਖਾਨ ਭਾਰੇ ਲਗੇ ਆ ਚਰਨੀਂ,
ਦਾਸ ਹੋਗਿਆ ਰਾਏ ਬੁਲਾਰ ਸਤਿਗੁਰ।
ਹਿੰਦੁਸਤਾਨ ਦੇ ਵਿਚ ਲਗਾਏ ਚਕਰ,
ਫੇਰ ਜਾ ਸਮੁੰਦਰੋਂ ਪਾਰ ਸਤਿਗੁਰ।
ਲੰਕਾ, ਚੀਨ ਤੇ ਦੇਸ਼ ਜਾਪਾਨ ਅੰਦਰ,
ਕੀਤਾ ਵਾਹਿਗੁਰੂ ਨਾਮ ਉਚਾਰ ਸਤਿਗੁਰ।
ਕਾਬਲ ਅਤੇ ਕੰਧਾਰ ਨੂੰ ਸੋਧ ਕੇ ਤੇ,
ਨਾਲ ਸੋਧਿਆ ਬਲਖ ਬੁਖਾਰ ਸਤਿਗੁਰ।
ਫਤਹ ਮਕੇ ਮਦੀਨੇ ਦੇ ਵਿਚ ਪਾਈ,
ਝੰਡਾ ਗਡਿਆ ਨਾਮ ਕਰਤਾਰ ਸਤਿਗੁਰ।
ਜਾਂਦੇ ਧਰਮ ਨੂੰ ਰਖਿਆ ਹਥ ਦੇਕੇ,
ਬਖਸ਼ਨਹਾਰਹੈਂਤੂੰ ਬਖਸ਼ਨਹਾਰ ਸਤਿਗੁਰ।

159

ਊਚ ਨੀਚ ਦੇ ਲਈ ਹੈ ਸਦਾ ਖੁਲ੍ਹਾ,
ਬਾਬਾ ਨਾਨਕ ਜੀ ਤੇਰਾ ਭੰਡਾਰ ਸਤਿਗੁਰ।
(ਦਾਸ–ਹੁਕਮ ਸਿੰਘ ਫਰੀਦਕੋਟ)
ਜਿਲਦ ੨ ਨੰ: ੧੯

++

## ਸ੍ਵਦੇਸ਼ੀ ਗੀਤ--ਚਰਖਾਵਤਨ ਦਾ

## ਗੀਤ–ਵਤਨ ਦੀ ਖਿਚ

## ਸ਼ਹੀਦੀ ਗੀਤ ਦੇਸ਼-ਸੇਵਾ !

++

## ਫਿਰ ਚਰਖਾ ਘੂਕਰ ਘੱਤੇ ਜੀ

(ਵਲੋਂ ਕਵੀ ਸੰਤੋਖ ਸਿੰਘ ਜੀ)

ਜਦ ਅਸੀਂ ਸੁਤੰਤਰ ਰਹਿੰਦੇ ਸੀ।
ਸਭ ਦੇਸੀ ਕਪੜੇ ਪਾਂਦੇ ਸੀ।
ਤਦ ਰਜ ਰਜ ਮਖਣ ਖਾਂਦੇ ਸੀ।
ਜਦ ਕਪੜਾ ਬਾਹਰੋਂ ਆਇਆ ਹੈ।

ਇਸ ਦੇਸ ਕੰਗਾਲ ਕਰਾਯਾ ਹੈ।

ਕੋਈ ਪਿਛਲੀ ਚਾਲ ਪਲੱਟ ਜੀ।
ਫਿਰ ਚਰਖਾ ਘੂਕਰ ਘਤੇ ਜੀ।
ਘਰ ਤੀਵੀਂ ਸੂਤਰ ਕਤੇ ਜੀ।
ਕਤ ਕਤਕੇ ਬੋਲੇ ਫਤੇ ਜੀ।

ਜਦ ਮਾਲ ਵਲੈਤੀ ਪੁਗਾ ਜੀ।
ਦਾ ਦੇਸ਼ ਲੁਟੇਂਦਾ ਲੁਗਾ ਜੀ।
ਓਹ ਚੋੜ ਕਰੇਂਦਾ ਝੁਗਾ ਜੀ।
ਓਹ ਹੁੰਦਾ ਸਾਠਾ ਭੁੱਗਾ ਜੀ।
ਫਟ ਜਾਵੇ ਝਬ ਝਲੁਗਾ ਜੀ।

ਕੋਈ ਸਾਨੂ ਲਾਇ ਸੁਮੱਤੇ ਜੀ।
ਫਿਰ ਚਰਖਾ ਘੂਕਰ ਘਤੇ ਜੀ।
ਘਰ ਤੀਵੀਂ ਸੂਤਰ ਕੱਤੇ ਜੀ।
ਕਤ ਕਤ ਕੇ ਬੋਲੇ ਫੱਤੇ ਜੀ।

ਇਹ ਛੁਟਿਆ ਚਰਖਾ ਯਾਰ ਜਦੋਂ ।
ਘਰ ਤੀਵੀਂ ਪਈ ਬੀਮਾਰ ਜਦੋਂ ।
ਕਮਜੋਰੀ ਵਿਚ ਲਾਚਾਰ ਤਦੋਂ ।
ਕੰਮ ਕਰਦੀ ਨਹੀਂ ਹਸਿਆਰ ਤਦੋਂ ।
ਸਭ ਕਪੜੇ ਆਂਦੇ ਬਾਹਰ ਤਦੋਂ ।
ਲਗ ਗਏ ਰੁਪਯੇ ਹਜਾਰ ਤਦੋਂ ।

ਏ ਖਰਚ ਕਿਵੇਂ ਹੁਣ ਘੱਟੇ ਜੀ ।
ਫਿਰ ਚਰਖਾ ਘੂਕਰ ਘੱਤੇ ਜੀ ।
ਘਰ ਤੀਵੀਂ ਸੂਤਰ ਕੱਤੇ ਜੀ ।
ਕਤ ਕਤ ਕੇ ਬੋਲੇ ਫੱਤੇ ਜੀ ।

## ਰਬ ਕਾਇਆਂ ਦੇ ਪਲਟ ਕੁੜੇ

ਤੂੰ ਜਦ ਦਾ ਚਰਖਾ ਛਡਿਆ ਨੀ।
ਗਿਆ ਨਕ ਦੇਸ਼ ਦਾ ਵਢਿਆ ਨੀ।
ਮੂੰਹ ਨੰਗ ਭੁਖ ਨੇ ਅੜਿਆ ਨੀ।
ਗਈ ਸੁਕ ਦੇਸ਼ ਦੀ ਰੱਤ ਕੁੜੇ।

ਘਰ ਬੇਠ ਕੇ ਚਰਖਾ ਕੱਤ ਕੁੜੇ ।
ਲੈ ਗਾਂਧੀ ਵਾਲੀ ਮੱਤ ਕੁੜੇ ।
ਜਿਨਾਂ ਚਰਖੇ ਤਾਈਂ ਭੁਲਾਇਆ ਨੀ ।
ਉਨਾ ਡਾਢਾ ਦੁਖ ਉਠਾਇਆ ਨੀ ।
ਜਾ ਫਿੱਜੀ ਤੇ ਵੇਖ ਮਲਾਇਆ ਨੀ ।
ਕੁਲੀ ਬਣਕੇ ਰੋਲਨ ਪੱਤ ਕੁੜੇ । ਘਰ...
ਜੇਹੜੇ ਚਰਖਾ ਬਹੁਤ ਚਲਾਂਦੇ ਨੇ ।
ਉਹ ਐਸ਼ਾਂ ਪਏ ਉਡਾਂਦੇ ਨੇ ।
ਉਹ ਜਗ ਵਿਚ ਰਾਜ ਕਮਾਂਦੇ ਨੇ ।
ਜਾ ਵੇਖ ਵਲੈਤਾਂ ਸੱਤ ਕੁੜੇ । ਘਰ...
ਕਿਉਂ ਫੜ ਲਈ ਉਲਟੀ ਰੀਤ ਕੁੜੇ ।
ਛਡ ਸੁਸਤੀ ਨਾਲ ਪ੍ਰੀਤ ਕੁੜੇ ।
ਤੂੰ ਸੁਕ ਸੁਕ ਬਣੀ ਤਵੀਤ ਕੁੜੇ ।
ਕੀ ਇਲਮ ਨੇ ਮਾਰੀ ਮਤ ਕੁੜੇ । ਘਰ...
ਤੇਰਾ ਚਰਖਾ ਰੰਗ ਰੰਗੀਲਾ ਨੀ ।
ਜੋ ਗਾਵੇ ਗੀਤ ਸੁਰੀਲਾ ਨੀ ।

163

ਇਹ ਹੈ ਸਵਰਾਜ ਵਸੀਲਾ ਨੀ ।
ਕਈ ਸਮਝੇ ਵਿਰਲਾ ਤੱਤ ਕੁੜੇ । ਘਰ...
ਜੇ ਲੋੜ ਹੈ ਮੌਜ਼ ਬਹਾਰਾਂ ਦੀ ।
ਸਿਖ ਜਾਚ ਗੰਢਣ ਤੰਦ ਤਾਰਾਂ ਦੀ ।
ਕੀ ਫਿਕਰ ਤੋਪ ਤਲਵਾਰਾਂ ਦੀ ।
ਅਸਾਂ ਕਰਨੀ ਨਹੀਂ ਕੁਪੱਤ ਕੁੜੇ । ਘਰ...
ਛਡ ਵਾਧੂ ਮੜਕ ਗਰੂਰੀ ਨੀ ।
ਨਹੀਂ ਪੌਂਦਾ ਫੈਸ਼ਨ ਪੂਰੀ ਨੀ ।
ਗਲ ਨਿਭੇ ਨਾ ਬੇ ਦਸਤੂਰੀ ਨੀ ।
ਨਹੀਂ ਖੱਦਰ ਬਾਝੋਂ ਗਤ ਕੁੜੇ । ਘਰ...
ਨਾ ਫਿਰ ਖਾਲੀ ਬੇਕਾਰ ਕੁੜੇ ।
ਤੈਰੇ ਸੁੰਞੇ ਪਏ ਭੰਡਾਂਰ ਕੁੜੇ ।
ਕਦੇ ਲੈ ਚਰਖੇ ਦੀ ਸਾਰ ਕੁੜੇ ।
ਗਿਆ ਵਕਤ ਨ ਔਂਦਾ ਵਤ ਕੁੜੇ । ਘਰ...
ਹੁਣ ਮਹਿੰਗ ਨ ਝਲਿਆ ਜਾਂਦਾ ਹੈ ॥
ਤੇਰਾ ਵਤਨ ਪਿਆ ਕੁਰਲਾਂਦਾ ਹੈ ।

ਤੈਨੂੰ ਗਾਂਧੀ ਜੀ ਸਮਝਾਂਦ ਹੈ।
ਪੱਤ ਦੇਸ ਦੀ ਤੇਰੇ ਹਥ ਕੁੜੇ। ਘਰ......
ਸਾਨੂੰ ਭੁਖਿਆਂ ਟੁਕ ਥਿਆਵੇ ਨੀ।
ਜੇ ਸੱਠ ਕਰੋੜ ਨ ਜਾਵੇ ਨੀ।
ਇਹਨਾਂ ਨਾਨੀ ਸੁਫਨੇ ਆਵੇ ਨੀ।
ਜਿਨ੍ਹਾਂ ਡਾਹਢੀ ਚਾਈ ਅੱਤ ਕੁੜੇ।ਘਰ...
ਹੁਣ ਨੀਂਦ ਮੱਤੀਏ ਜਾਗ ਕੁੜੇ।
ਉਠ ਛੇੜ ਤਿੰਵਣ ਦੇ ਰਾਗ ਕੁੜੇ।
ਕਿਤੇ ਖੁਲਣ ਦੇਸ ਦੇ ਭਾਗ ਕੁੜੇ।
ਰੱਬ ਕਾਇਆਂ ਦੇ ਪਲੱਟ ਕੁੜੇ। ਘਰ......
ਇਹ ਮਖਮਲ ਤੇ ਦਰਿਆਈਨੀ।
ਜਿਸ ਕਰ ਛਡੇ ਕਰਜਾਈ ਨੀ।
ਇਹ ਕੁਲ ਬਜਾਜ ਪਰਾਈ ਨੀ।
ਲੈ ਚੁਲ੍ਹੇ ਅੰਦਰ ਘਤ ਕੁੜੇ। ਘਰ ......
(ਝੰਡਾ ਸਿੰਘ 'ਆਲਮ'' ਕਵੀਫੀਰੋਜਪੁਰ)



165

# ਸੁਦੇਸ਼ੀ ਗੀਤ

(ਵਲੋਂ ਡਾਕਟਰ ਮਹੰਮਦ ਸਾਹਿਬ ਸਰਗੋਧਾ)

ਸਾਨੂੰ ਲੈ ਦੇ ਦੁਪੱਟਾ ਸੁਦੈਸ਼ੀ ਲਾਲ ।
ਅਸਾਂ ਲੈਣਾ ਨਹੀਂ ਇਹ ਬਿਦੇਸ਼ੀ ਮਾਲ ।
ਭੇਜ ਝੂਠਾ ਸੁਚਾ ਮਾਲ,
ਕੀਤਾ ਸਾਨੂੰ ਹੈ ਕੰਗਾਲ,
ਆਪ ਹੋਏ ਮਾਲਾ ਮਾਲ,
ਦੇਖੋ ਕੈਸੀ ਹੈ ਇਹ ਚਾਲ,
ਸਾਨੂੰ ਲੇਦੇ ਦੁਪਟਾ ਸੁਦੇਸ਼ੀ ਲਾਲ ।
ਅਸਾਂ ਲੈਣਾਂ ਨਹੀਂ ਇਹ ਬਦੇਸ਼ੀ ਮਾਲ ।
ਕਰਕੇ ਹਿੰਦੁਸਤਾਨ ਬਰਬਾਦ,
ਕੀਤਾ ਮਾਨਚਸਟਰ ਆਬਾਦ,
ਸਾਡੀ ਕੋਣ ਸੁਣੇ ਫਰਿਆਦ,
ਭੁਖੀ ਮਰਦੀ ਹੈ ਔਲਾਦ,

ਸਾਨੂ ਲੋਦੇ ਦੁਪਟਾ ਸੁਦੇਸ਼ੀਂ ਲਾਲ ।
ਅਸਾਂ ਲੈਣਾਂ ਨਹੀਂ ਹਿੲ ਬਿਦੇਸ਼ੀ ਮਾਲ।
ਰੋਵਨ ਮੋਚੀ ਤੇ ਲੁਹਾਰ,
ਸਾਡੀ ਰਹੀ ਨ ਕੋਈ ਕਾਰ,
ਅਸੀਂ ਰੋਟੀ ਤੋਂ ਹੋਇ ਲਚਾਰ,
ਲੰਡਨ ਕਰਦਾ ਮੌਜਬਹਾਰ,
ਸਾਨੂੰ ਲੈਦੇ ਦੁਪਟਾ ਸੁਦੇਸ਼ੀ ਲਾਲ।
ਅਸਾਂ ਲੈਣਾਂ ਨਹੀਂ ਇਹ ਬਦੇਸ਼ੀ ਮਾਲ ।
ਸਾਨੂੰ ਰੰਗ ਬਿਦੇਸ਼ੀ ਪਟੇ,
ਦੂਜੇ ਦਿਨ ਦੁਪਟਾ ਫਟੇ,
ਰੰਗ ਕੁਸੰਭੇ ਨਾਲ ਦੁਪਟੇ,
ਪੈਸੇ ਚਾਰ ਲਲਾਰੀ ਖਟੇ,
ਸਾਨੂੰ ਲੈਦੇ ਦੁਪਟਾ ਸੁਦੇਸ਼ੀ ਲਾਲ।
ਅਸਾਂ ਲੈਣਾਂ ਨਹੀਂ ਇਹ ਬਿਦੇਸ਼ੀ ਮਾਲ ।
ਭਾਂਵੇ ਸ਼ਾਦੀ ਹੋਵੇ ਝੰਡ,
ਵਰਤੋ ਤੁਸੀ ਸੁਦੇਸ਼ੀ ਖੰਡ,

ਦੇਵੋ ਦੋਸ਼ ਨ ਕੋਈ ਭੰਡ,
ਅਖੀਂ ਚੈਨ ਕਲੇਜੇ ਠੰਡ,
ਸਾਨੂੰ ਲੈਦੇ ਦੁਪਟਾ ਸੁਦੇਸ਼ੀ ਲਾਲ।
ਅਸਾਂ ਲੈਣਾ ਨਹੀਂ ਇਹ ਬਦੇਸ਼ੀ ਮਾਲ।
ਸ਼ਕਲੋਂ ਕਾਲਾ ਭੈੜਾ ਭੰਗੀ,
ਟੋਪੀ ਪਹਿਨੇਂ ਰੰਗਬਿਰੰਗੀ,
ਬਨ ਬਨ ਬੈਠੇ ਵਾਂਗ ਫ਼ਰੰਗੀ,
ਦੇਸੀ ਚੀਜ਼ ਨ ਲਗੇ ਚੰਗੀ,
ਸਾਨੂੰ ਲੈਦੇ ਦੁਪਟਾ ਸੁਦੇਸ਼ੀ ਲਾਲ।
ਅਸਾਂ ਲੈਣਾਂ ਨਹੀਂ ਇਹ ਬਦੇਸ਼ੀ ਮਾਲ।
ਛਡੋ ਮਲਮਲ ਭੀ ਇਕਤਾਰੀ,
ਪਹਿਨੋਂ ਖਦਰ ਤੇ ਫਲਕਾਰੀ,
ਆਲਮ ਜਾਨ ਤੇਰੇ ਤੋਂ ਵਾਰੀ,
ਸਾਨੂੰ ਸ਼ੈ ਵਤਨ ਦੀ ਪਿਆਰੀ,
ਸਾਨੂੰ ਲੈਦੇ ਦੁਪਟਾ ਸੁਦੇਸ਼ੀ ਲਾਲ।
ਅਸਾਂ ਲੈਣਾਂ ਨਹੀਂ ਇਹ ਬਦੇਸ਼ੀ ਮਾਲ।

ਅਸੀ ਚੰਗੇ ਭਲੇ ਅੰਜਾਣੇ ਜੀ,
ਅਸੀ ਭੁੰਨਕੇ ਖਾਸਾਂ ਦਾਣੇ ਜੀ ।
ਕਿਉਂ ਦੇਂਦੇ ਦਖਲ ਧਿਙਾਣੇ ਜੀ,
ਅਸੀ ਆਪੇ ਆਪ ਪੜ੍ਹਾਵਾਂਗੇ ।
ਬਸ ਗੀਤ ਵਤਨ ਦੇ ਗਾਵਾਂਗੇ,
ਸਭ ਝਗੜ ਹੋਰ ਮਿਟਾਵਾਂਗੇ ।
ਇਹ ਹਿੰਦੁਸਤਾਨ ਅਸਾਡਾ ਹੈ,
ਕੋਈ ਲਿਸਾ ਹੈ ਕੋਈ ਡਾਢਾ ਹੈ ।
ਕੀ ਦਾਵਾ ਇਥੇ ਤੁਹਾਡਾ ਹੈ,
ਹੁਣ ਮੂੰਹ ਤੇ ਸਚ ਸੁਣਾਵਾਂਗੇ ।
ਬਸ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ ।
ਸਭ ਘਰ ਆਪਣੇ ਵਸਦੇ ਹਨ,
ਕਦੀ ਲੜਦੇ ਹਨ ਕਦੀ ਹਸਦੇ ਹਨ ।
ਕਦੀ ਦੇਂਦੇ ਹਨ ਕਦੀ ਖਸਦੇ ਹਨ,
ਅਸੀ ਹਿੰਦੀ ਇਕੁਰ ਨਿਭਾਵਾਂਗੇ ।

169

ਹੁਣ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।
ਨਹੀਂ ਮਖਮਲ ਸਾਨੂੰ ਸਰਦੀ ਹੈ,
ਇਕ ਤਾਣੀ ਸਾਡੇ ਘਰ ਦੀ ਹੈ।
ਬਸ ਦੇਸੀ ਸਾਡੀ ਬਰਦੀ ਹੈ,
ਅਸੀਂ ਸੁਖਦੇ ਨਾਲ ਹਢਾਵਾਂਗੇ।
ਬਸ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।
ਨਹੀਂ ਲੋੜ ਵਲੈਤੀ ਬੂਟਾਂ ਦੀ,
ਨਹੀਂ ਸਿਲਕ ਜਪਾਨੀ ਸੂਟਾਂ ਦੀ।
ਨਹੀਂ ਮੋਟਰ ਤੇ ਚੜ੍ਹ [illegible]ਆਂ ਦੀ,
ਪਾ ਖਦਰ [illegible] ਚਲਾਵਾਂਗੇ।
ਹੁਣ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।
ਕਿਉਂ ਘਲੀਏ ਅੰਨ ਬਦੇਸ਼ਾਂ ਨੂੰ,
ਕਿਉਂ ਕਰੀਏ ਚੰਦ੍ਰੇ ਵੇਸਾਂ ਨੂੰ।

ਰੰਗ ਰਲੀਆਂ ਕੀ ਦਰਵੇਸ਼ਾਂ ਨੂੰ,
ਢਿਡ ਭਰਕੇ ਰੋਟੀ ਖਾਵਾਂਗੇ।
ਹੁਣ ਗੀਤ ਵਤਨ ਦੇ ਗਾਵਾਂਗੇ।
ਸਭ ਝਗੜੇ ਹੋਰ ਮਿਟਾਵਾਂਗੇ।
ਜੋ ਸਾਨੂੰ ਪਸ਼ੂ ਬਣਾਂਦੇ ਨੇ,
ਜੋ ਢਿਡ ਦੇ ਭਾਰ ਚਲਾਂਦੇ ਨੇ।
ਬੰਨ੍ਹ ਬੰਨ ਕੇ ਬੈਂਤ ਲਗਾਂਦੇ ਨੇ,
ਨਹੀਂ ਨਾਲ ਓਨ੍ਹਾਂ ਦੇ ਜਾਵਾਂਗੇ।
ਹੁਣ ਗੀਤ ਵਤਨ ਦੇ ਗਾਵਾਂਗੇ।
ਸਭ ਝਗੜੇ ਹੋਰ ਮਿਟਾਵਾਂਗੇ।
ਸਾਡੇ ਸਾਧੂ ਜੇਹਲੀ ਜਾਂਦੇ ਨੇ,
[illegible] ਪਾਣ ਉਨ੍ਹਾਂ ਦੇ ਨੇ।
ਸਾਨੂੰ ਕੌਂਸਲ ਵਿਚ ਬੁਲਾਂਦੇ ਨੇ,
ਅਸੀਂ ਕੌਂਸਲ ਵਿਚ ਨ ਜਾਵਾਂਗੇ।
ਹੁਣ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।

ਅਸਾਂ ਰੁਸਕੇ ਬਾਹਰ ਬਹਿਣਾ ਹੈ,
ਇਹ ਫਟ ਕਲੇਜੇ ਰਹਣਾ ਹੈ।
ਜੋ ਆਵੇ ਸਿਰ ਤੇ ਸਹਿਣਾ ਹੈ,
ਨਹੀਂ ਆਪਣਾ ਮਾਨ ਗਵਾਵਾਂਗੇ।
ਹੁਨ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।

## ਸ਼ਹੀਦੀ ਰੁਤ ਦਾ ਸ਼ਹੀਦੀ ਗੀਤ!

[ਵਲੋਂ ਭਾ: ਹੀਰਾ ਸਿੰਘ ਜੀ ਦਰਦ]

ਆ ਗਈ ਰੁਤ ਸ਼ਹੀਦੀ ਜੋ ਅਜ,
ਆ ਗਈ ਰੁਤ ਕਦਰ ਦੀ ਏ।
ਕਾਲੀ ਘਟਾ ਚੜ੍ਹੀ ਅਸਮਾਨੀ,
ਬਿਜਲੀ ਕੜ ਕੜ ਕਰਦੀ ਏ।
ਬਦਲ ਕਹਿਰ ਚਮਕਦੇ ਸਿਰ ਤੇ,
ਬਰਖਾ ਗੋਲੀ ਵਰ੍ਹਦੀ ਏ।

ਧਰਤੀ ਕੌਮ ਸ਼ਹੀਦਾਂ ਦੀ ਭਈ,
ਛਾਤੀ ਕਲਗੀ ਧਰ ਦੀ ਏ।
ਸੈ ਸੈ ਫਟ ਕਲੇਜੇ ਖਾਕੇ,
ਮੂੰਹ ਥੀਂ ਸੀ ਨ ਉਚਰਦੀ ਏ।
ਨਦੀ ਖ਼ੂਨ ਦੀ ਠਾਂਟਾਂ ਮਾਰੇ,
ਨਹਿਰ ਸ਼ਹੀਦੀ ਭਰਦੀ ਏ।
ਘਰ ਘਰ ਨਹਿਰ ਵਗੇ ਵਿਚ ਭਾਰਤ,
ਮਿਲਕੇ ਕਾਰ ਕਮਾਵਾਂਗੇ।
ਆ ਗਈ ਰੁਤ ਸ਼ਹੀਦੀ ਭਾਈਓ,
ਗੀਤ ਸ਼ਹੀਦੀ ਗਾਵਾਂਗੇ।
ਕਲਗੀ ਧਰ ਨੇ ਮੁਰਦੇ ਹਿੰਦ ਵਿਚ,
ਅੰਮ੍ਰਿਤ ਆਕੇ ਪਾਇਆ ਸੀ।
ਸੀਸ ਧਰਾਕੇ ਤਲੀਆਂ ਉਪਰ,
ਮੌਤੋਂ ਉਸ ਛੁਡਾਇਆ ਸੀ।
ਦੇਕੇ ਜੀਵਨ ਸ਼ਕਤੀ ਆਪਨੀ,
ਮੋਇਆਂ ਤਾਈਂ ਜਵਾਇਆ ਸੀ।

173

ਧਰਮ ਸ਼ਰਮ ਦਾ ਰਾਖਾ ਕਰਕੇ,
ਪਹਿਰੇਦਾਰ ਬਣਾਯਾ ਸੀ ।
ਪ੍ਰਉਪਕਾਰੀ ਸਦਾ ਅਕਾਲੀ,
ਖਾਲਸ ਪੰਥ ਸਜਾਯਾ ਸੀ ।
ਸੈ ਵਰ੍ਹਿਆਂ ਦੀ ਘਾਲ ਗੁਰੂ ਦੀ,
ਮੁਲ ਕਿਸੇ ਨ ਪਾਯਾ ਸੀ ।
ਹੁਣ ਤਾਂ ਖ਼ੂਨ ਸ਼ਹੀਦੀ ਦੇ ਸੰਗ,
ਸਾਰੀ ਧਰਤ ਰੰਗਾਵਾਂਗੇ ।
ਆ ਗਈ ਰੁਤ ਸ਼ਹੀਦੀ ਭਾਈਓ,
ਗੀਤ ਸ਼ਹੀਦੀ ਗਾਵਾਂਗੇ ।
ਜੋ ਕੁਝ ਹੁਕਮ ਅਕਾਲੀ ਮਿਲਿਆ,
ਉਸਨੂੰ ਅਸੀ ਕਮਾਂਦੇ ਸਾਂ ।
ਜੰਗਲ ਦੇ ਵਿਚ ਮੰਗਲ ਲਗਦਾ,
ਇਕ ਅਕਾਲ ਧਿਆਂਦੇ ਸਾਂ ।
ਪਾਪੀ ਤੇ ਬਲਵਾਨ ਰਾਜ ਦਾ,
ਮੂਲੋਂ ਖੌਫ ਨਾ ਖਾਂਦੇ ਸਾਂ ।

ਪਾਪੀ ਤੇ ਬਲਵਾਨ ਰਾਜ ਦਾ,
ਮੂਲੋਂ ਖੌਫ ਨਾ ਖਾਂਦੇ ਸਾਂ ।
ਧਰਮ ਸ਼ਰਮ ਦਾ ਪਹਿਰਾ ਦੇਂਦੇ,
ਦੁਖੀਏ ਦੀਨ ਬਚਾਂਦੇ ਸਾਂ ।
ਆਓਣਾ ਜਗ ਤੇ ਸਫਲ ਜਾਣਦੇ,
ਜਦੋਂ ਸ਼ਹੀਦੀ ਪਾਂਦੇ ਸਾਂ ।
ਉਡ ਗਈ ਰੁਤ ਸ਼ਹੀਦੀ ਜਦ ਓ,
ਝੁਰ ਝੁਰ ਕੇ ਪਛਤਾਂਦੇ ਸਾਂ ।
ਭੇਜੀ ਫੇਰ ਬਹਾਰ ਸਾਂਈ ਨੇ,
ਖੁਸ਼ੀਆਂ ਅਸੀਂ ਮਨਾਂਵਾਂਗੇ ।
ਆ ਗਸੀ ਰੁਤ ਸ਼ਹੀਦੀ ਭਾਈਓ,
ਗੀਤ ਸ਼ਹੀਦੀ ਗਾਵਾਂਗੇ ।
ਜਦਸੀਹੁਕਮਅਕਾਲੀਭੁਲਿਆ,
ਭੰਲ ਭੁਸੇ ਖਾਨ ਲਗੇ ।
ਧਰਮ ਸ਼ਰਮ ਦੀ ਰਾਖੀ ਛਡਕੇ,
ਪਾਪੀ ਰਾਜ ਵਧਾਨ ਲਗੇ ।

175

ਤੇਰੀ ਦਾਤ ਕ੍ਰਿਪਾਨ ਅਕਾਲੀ,
ਹਾ ਬਦਨਾਮ ਕਰਾਣ ਲਗੇ ।
ਗੋਲੇ ਬਣਕੇ ਆਪ ਬਿਗਾਨੇ,
ਗੋਲੇ ਹੋਰ ਬਨਾਣ ਲਗੇ ।
ਖੁਲ੍ਹਿਆਂਤਾਈਂ ਗੁਲਾਮਬਣਾਕੇ,
ਜੋਧੇ ਅਸੀ ਸਦਾਣ ਲਗੇ ।
ਬੇ ਸ਼ਰਮੀ ਦੇ ਤਗਮੇ ਪਾਕੇ,
ਹਸ ਹਸ ਅਸੀਂ ਵਖਾਣਲਗੇ ।
ਬਖਸ਼ੋ ਸਾਈਆਂ ਭੁਲ ਅਸਾਡੀ,
ਮੁੜ ਇਸ ਰਾਹ ਨ ਜਾਵਾਂਗੇ ।
ਆ ਗਈ ਰੁਤਸ਼ਹੀਦੀ ਭਾਈਓ,
ਗੀਤ ਸ਼ਹੀਦੀ ਗਾਵਾਂਗੇ ।
ਲਖ ਜਵਾਨਾਂ ਖੂਨ ਬਹਾਇਆ,
ਕੋਡੀ ਇਕ ਨ ਮੂਲ ਪਿਆ ।
ਮਾਰੂ ਥਲ ਏ ਜ਼ਾਲਮ ਦਾ ਦਿਲ,
ਪਾਣੀ ਘੁਟਕੁ ਡੁਲ ਪਿਆ ।

ਕਦੀ ਨ ਬੂਟਾ ਉਗਿਆ ਐਥੇ,
ਕਲੀ ਨ ਕੋਈ ਫੁਲ ਪਿਆ ।
ਸ਼ਹੁ ਦਰਯਾਇ ਸਾਡੀ ਬੇੜੀ,
ਝਖੜ ਹੁਣ ਓਹ ਝੁਲ ਪਿਆ ।
ਦਿਲ ਕਾਲਾ ਮੂੰਹ ਚਿਟਾ ਤਕਕੇ,
ਨਿਰਸ਼ਲ ਜੋਧਾ ਭੁਲ ਪਿਆ ।
ਹੁਣ ਤਾਂ ਚਿਟੇ ਦਿਨ ਦਿਹਾੜੇ,
ਭੇਦ ਸਭੋ ਹੀ ਖੁਲ ਗਿਆ ।
ਇਸ ਦਰਯਾਇ ਨ ਬੇੜਾ ਪਾਸਾਂ,
ਕੰਨ ਨੂੰ ਹਥ ਹੁਣ ਲਾਵਾਂਗੇ ।
ਹੁਣ ਤਾਂ ਆਗਇਆ ਰੁਤ ਸ਼ਹੀਦੀ,
ਗੀਤ ਸ਼ਹੀਦੀ ਗਾਵਾਂ ਗੇ ।
ਭੁਲਿਆਜਦਬੀਂ ਹੁਕਮਅਕਾਲੀ,
ਨ ਓ ਬਾਨ ਨ ਸ਼ਾਨ ਰਹੀ ।
ਨ ਓ ਝੰਡਾ ਹਥ ਅਕਾਲੀ,
ਨ ਓ ਗਲ ਕ੍ਰਿਪਾਨ ਰਹੀ ।

177

ਜੰਗਲ ਦੇ ਵਿਚ ਰਹੀ ਅਜ਼ਾਦੀ,
ਏਕਤਾ ਵਿਚ ਮੈਦਾਨ ਰਹੀ ।
ਬੀਰ ਮਤਾਬ ਸਿੰਘ ਦੇ ਵਾਂਗੂੰ,
ਧਰਮ ਲਈ ਨਾ ਆਨ ਰਹੀ ।
ਗੁਰਧਾਮਾਂ ਵਿਚ ਧਰਮ ਰਿਹਾ ਨ,
ਫੂਲਾ ਸਿੰਘ ਦੀ ਜਾਨ ਰਹੀ ।
ਕਲਗੀਧਰ ਦੀ ਇਹ ਫੁਲਵਾੜੀ,
ਦੋ ਦਿਨ ਦੀ ਮਹਿਮਾਨ ਰਹੀ ।
ਲਛਮਨ ਸਿੰਘ ਦੇ ਖੂਨ ਨਾਲ,
ਹੁਣ ਬਾਗ ਸ਼ਹੀਦੀ ਲਾਵਾਂ ਗੇ ।
ਫਿਰ ਹੁਣ ਰੁਤ ਸ਼ਹੀਦੀ ਆ ਗਈ,
ਗੀਤ ਸ਼ਹੀਦੀ ਗਾਵਾਂ ਗੇ ।
ਨਿਤ ਨਿਤ ਰੁਤ ਸ਼ਹੀਦੀ ਆਵੇ,
ਏਹ ਗੁਲਜ਼ਾਰ ਖਿੜਾਵਨ ਨੂ ।
ਪਤਿ ਝੜ ਰੁਤ ਚੁੜੇਲ ਕਸਾਇਣ,
ਮੂਲੋਂ ਮਾਰ ਮੁਕਾਵਣ ਨੂ ।

ਰਸ ਚੂਸਿਅ ਸਾਰਾ ਜਿਸਨੇ,
ਸੁੰਦਰ ਬਾਗ ਸੁਕਾਵਣ ਨੂੰ ।
ਮਾਸ ਚੂੰਡਿਆ ਰਹਿਗਈਆਂ ਹਡੀਆਂ,
ਲਭੇਦਾ ਕੜਕਾਵਣ ਨੂੰ ।
ਆ ਗਈ ਰੁਤ ਸ਼ਹੀਦੀ ਹੁਣ ਤਾਂ,
ਸੁਕੇ ਹਰੇ ਕਰਾਵਣ ਨੂੰ ।
ਮਾਲਨ ਬਣਕੇ ਪੰਥ ਬਾਗ ਦੀ,
ਮਿਠੇ ਫਲ ਲਗਾਵਣ ਨੂੰ ।
ਸੈ ਵਰ੍ਹਿਆਂ ਦੀ ਬਾਰ ਸੁਕੀ ਵਿਚ,
ਘਰ ਘਰ ਬਾਗ ਲਗਾਵਾਂ ਗੇ ।
ਆ ਗਈ ਰੁਤ ਸ਼ਹੀਦੀ ਹੁਣ ਤਾਂ,
ਗੀਤ ਸ਼ਹੀਦੀ ਗਾਵਾਂ ਗੇ ।
ਇਕ ਇਕ ਬੂੰਦ ਸ਼ਹੀਦਾਂ ਦੀ ਤੋਂ
ਲਖ ਲਖ ਸੀਸ ਘੁਮਾਵਾਂ ਗੇ ।
ਲੈਕੇ ਖੂਨ ਸ਼ਹੀਦਾਂ ਦਾ ਹੁਣ,
ਸਭ ਗੁਰ ਧਾਮ ਧੁਆਵਾਂਗੇ ।

179

ਪੁਟਾਂਗੇ ਜੜ੍ਹ ਪਾਪ ਕਰਮ ਦੀ,
ਝੰਡਾ ਧਰਮ ਝੁਲਾਵਾਂ ਗੇ।
ਜੁਲਮ ਕਹਿਰ ਦਾ ਬੇੜਾ ਭਰਿਆ,
ਸਾਗਰ ਵਿਚ ਰੁੜ੍ਹਾਵਾਂਗੇ।
ਕੱਟ ਜੰਜੀਰ ਗੁਲਾਮੀ ਵਾਲੀ.
ਹਿੰਦ ਅਜ਼ਾਦ ਕਰਾਵਾਂ ਗੇ।
ਕਲਗੀ ਧਰ ਦਸਮੇਸ ਗੁਰੂ ਦੇ,
ਤਾਂ ਫਿਰ ਸਿੰਘ ਸਦਾਵਾਂ ਗੇ।
ਲਛਮਣ ਸਿੰਘ ਦਲੀਪ ਸਿੰਘ ਨੂੰ,
ਘੁਟ ਘੁਟ ਗਲੇ ਲਗਾਵਾਂ ਗੇ।
ਆ ਗਈ ਰੁਤ ਸ਼ਹੀਦੀ ਭਾਈਓ,
ਗੀਤ ਸ਼ਹੀਦੀ ਗਾਵਾਂ ਗੇ।

# ਸੁਤਿਆ ਤੂੰ ਜਾਗ ਸ਼ੇਰਾ

## ਪਾਸਾ ਤਾਂ ਮਾਰ ਵੇ !

ਸੱਚੇ ਵੰਡੋਰੇ ਵਿਚ ਛਪੀ ਕਈਆਂ ਸਜਨਾਂ
ਦੇ ਜ਼ੋਰ ਦੇਣ ਤੇ ਛਾਪੀ ਜਾਂਦੀ ਹੈ।

ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਸਮਝੀਂ ਇਹ ਰਾਗ ਕੇਹੜਾ
ਵਜਦੀ ਹੈ ਤਾਰਵੇ,
ਦੇਗ ਅਤੇ ਤੇਗ ਤੇਰੇ
ਸਤਿਗੁਰ ਚਲਾ ਗਏ।
ਦੁਖੀਆਂ ਦੀ ਰਖਿਆ
ਕਰਨੀ ਤੈਨੂੰ ਸਿਖਾਗਏ,
ਕਰਕੇ ਕੁਰਬਾਨ ਆਪਣਾ
ਸਾਰਾ ਪ੍ਰਵਾਰ ਵੇ।

181

ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ ।
ਉਸੇ ਪਿਆਰੇ ਜਦੋਂ
ਅੰਮ੍ਰਿਤ ਛਕਾਇਆ ਸੀ।
ਗਿਦੜਾਂ ਤੋਂ ਸ਼ੇਰ ਕਰਕੇ
ਝੋਲੀ ਵਿਚ ਪਾਇਆ ਸੀ,
ਤੈਨੂੰ ਓਹ ਭੁਲ ਗਏ ਸਾਰੇ
ਕਉਲ ਕਰਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ ।
ਅੰਮ੍ਰਿਤ ਨੂੰ ਛਕਕੇ ਸ਼ੇਰਾ
ਕਾਹਨੂੰ ਫਿਰ ਸਉਂਗਿਓਂ।
ਕਾਇਰਾਂ ਦੇ ਵਾਂਗੂ ਆਪਣੇ
ਬਚਨਾਂ ਤੋਂ ਭਉਂ ਗਿਊਂ,
ਬਚਨ ਨਾਂ ਪਾਲੇ ਜੇਹੜਾ
ਹੁੰਦਾ ਖ਼ੁਵਾਰ ਵੇ।

ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ ।
ਅੰਮ੍ਰਿਤ ਦਾ ਛਟਾ ਤੇਰੀਆਂ
ਅਖੀਆਂ ਵਿਚ ਮਾਰਿਆ ।
ਡਰਨਾ ਨਾ ਮੂਲ ਬੋਲੀਂ
ਸਚੁ ਉਚਾਰਿਆ ,
ਮਾਣਸ ਦੀ ਟੇਕ ਜਾਣੀ
ਬਿਰਥੀ ਤੂੰ ਯਾਰ ਵੇ ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ ।
ਮੰਗਣਾ ਕਰਤਾਰ ਤੋਂ
ਜੋ ਸਭਨਾ ਨੂੰ ਦੇਂਵਦਾ,
ਉਸਤੋਂ ਕੀ ਮੰਗਣਾ ਜਿਹੜਾ
ਮਤਲਬ ਨੂੰ ਸੇਂਵਦਾ ।

183

ਕਉਲਾਂ ਦਾ ਝੂਠਾ ਤੈਨੂੰ
ਡੋਬੂ ਵਿਚਕਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤੂੰ ਮਾਰ ਵੇ।
ਲੋਕ ਪਏ ਕੈਂਦੇ ਸਿਖਾ
ਕਾਲ ਜਗ ਵਾਲਿਆ।
ਖੀਰਾਂ ਦੀ ਐਸ ਹੋਕੇ
ਵੱਟਾ ਲਵਾ ਲਿਆ।
ਜਿਥੇ ਸੀ ਕਰਨਾ ਤੁਸੀਂ
ਸਚ ਦਾ ਪ੍ਰਚਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਸਾਡੀ ਸਲਾਹ ਸੀ ਕੌਮੀ
ਕਾਲਜ ਬਣਾਵਾਂਗੇ।
ਵਿਦਯਾ ਸਿਖਲਾਕੇ ਸਚੇ
ਸਿਖ ਸਜਾਵਾਂਗੇ।

ਅਸਾਂ ਤੇ ਪਾਣੀ ਫਿਰਿਆ
ਗੜਿਆਂ ਦੀ ਮਾਰ ਵੋ।
ਸੁਤਿਆ ਤੂੰ ਜਾਗ ਸ਼ੇਰਾਂ
ਪਾਸਾ ਤਾਂ ਮਾਰ ਵੋ।
ਝਟਕਾ ਨ ਬਣਨਾ ਪਾਵੇ
ਵਿਚ ਕਸੂਰ ਦੇ।
ਸਿਖਾਂ ਦੇ ਮੁੰਡੇ ਸਾਰੇ
ਰੋਂਦੇ ਤੇ ਝੂਰ ਦੇ।
ਸ਼ਰਮ ਨ ਆਵੇ ਤੈਨੂੰ
ਕਰਮਾਂ ਦੀ ਮਾਰ ਵੋ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੋ।
ਡਾਢੇ ਹਾਂ ਦੁਖੀ ਲਜਿਆ
ਰਖੀਂ ਵੇ ਮਾਲਕਾ।
ਪਾਠੀ ਦਰਬਾਰ ਜੀ
ਵਿਚ ਬੈਠਾ ਹੈ ਬਾਲਕਾ।

185

ਐਡਾ ਅੰਧੇਰ ਵੇਖੋ
ਭਾਣਾ ਕਰਤਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਮਿਨਤਾਂ ਤੇ ਤਰਲੇ ਕੀਤੇ
ਅਰਜ਼ਾਂ ਭੀ ਕੀਤੀਆਂ।
ਵਡਿਆਂ ਦੇ ਚਾਲੇ ਛਡੇ
ਸਿੰਘਾਂ ਦੀ ਰੀਤੀਆਂ।
ਕਿਸੇ ਨ ਸੁਣੀਆ ਤੇਰੀ
ਕੂਕ ਪੁਕਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਡੈਪੂਟੇਸ਼ਨ ਭੀ ਤੇਰਾ
ਮੁੜ ਆਇਆ ਜਾਇਕੇ।
ਮੁੜਕੇ ਤੇ ਘਰ ਆਇਆ
ਪਗੜੀ ਬਚਾਇ ਕੇ।

ਪੜ੍ਹਕੇ ਤੂੰ ਵੇਖ ਸਾਰੇ
ਕੌਮੀ ਅਖਬਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸ਼ਾ ਤਾਂ ਮਾਰ ਵੇ।
ਜੋ ਕੁਛ ਹੋਣਾ ਭਾਈਆ
ਸੋਈ ਤਾਂ ਹੋ ਗਯਾ।
ਹਕ ਅਸਾਡਾ ਜਿਹੜਾ
ਖੋਹਨਾ ਸੀ ਖੋ ਗਿਯਾ।
ਅਗੋਂ ਹੁਣ ਸੋਚੀਂ ਜਿਹੜੀ
ਕਰਨੀ ਹੈ ਕਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਡਰਦਾ ਨਾ ਬੋਲੇ ਕੋਈ
ਬਾਗੀ ਬਣ ਜਾਵਾਂ ਗੇ।
ਮੁਖੜਾ ਨਾ ਖੋਲੇ ਕੋਈ
ਦੁਖੜੇ ਉਠਾਵਾਂਗੇ।

187

ਇਸੇ ਤੇ ਗਲ ਨੇ ਸਾਨੂੰ
ਕੀਤਾ ਲਚਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਦਿਲ ਦੀਆਂ ਗਲਾਂ ਸਾਡੇ
ਦਿਲਾਂ ਵਿਚ ਰੈਹ ਗਈਆਂ।
ਉਡ ਗਿਆ ਬਾਜ ਡੋਰਾਂ
ਹਥਾਂ ਵਿਚ ਰੈਹ ਗਈਆਂ।
ਲੋਕੀ ਪਏ ਹਾਸੀ ਕਰਦੇ
ਦੇਂਦੇ ਫਿਟਕਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਸਿਖਾਂ ਦੀਆਂ ਕੂਕਾਂ ਘਟੇ
ਕਉਡਾਂ ਰਲ ਗਈਆਂ।
ਜੇਗਾ ਵਿਚ ਜਿੰਦਾ ਦਿਤੀਆਂ
ਮਿਟੀ ਦੇ ਭਾ ਗਈਆਂ।

ਕਿਸੇ ਨਾ ਲਈ ਤੇਰੀ
ਤੇਰੀ ਦੁਖਾਂ ਦੀ ਸਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਦੁਖਾਂ ਦੇ ਮਾਰੇ ਕਿਥੇ
ਜਾਈਏ ਤੇ ਬੋਲੀਏ।
ਦਿਲਾਂ ਦੇ ਸਾੜ ਕਿਸਦੇ
ਅਗੇ ਫਰੋਲੀਏ।
ਦਰਦੀ ਨਾ ਕੋਈ ਸਾਰੇ
ਮਤਲਬ ਦੇ ਯਾਰ ਵੇ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ।
ਵੇਲਾ ਨਾ ਭਾਈਆ ਪਲਾ
ਪਾਕੇ ਤੇ ਰੋਣਦਾ।
ਵੇਲਾ ਹੈ ਸਾਡਾ ਆਪਣੇ
ਬਲ ਤੇ ਖਲੋਣ ਦਾ।

189

ਸੰਭੁਲ ਕੇ ਚਲੋ ਵੀਰੋ
ਹੋਵੋ ਹੁਸ਼ਯਾਰ ਵੋ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੋ।
ਇਕ ਵਾਰੀ ਜਾਗਾਂ ਸਾਰੀ
ਪੀੜਾ ਮਿਟ ਜਾਂਵਸੀ,
ਸਿਖੀ ਦਾ ਜੋਸ਼ ਤੇਰੇ
ਅੰਦਰ ਜਦ ਆਵਸੀ।
ਹਿੰਮਤ ਨਾ ਹਾਰੀਂ ਤੇਰਾ
ਬੇਲੀ ਕਰਤਾਰ ਵੋ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੋ।
ਸਚਿਆ ਢੰਡੋਰਿਆ ਜਾਕੇ
ਕਾਬਲ ਕੰਧਾਰ ਵੋ।
ਬ੍ਰਹਮਾ ਤੇ ਤਿਬਤ ਨਾਲੇ
ਚੀਨੀ ਤਾਤਾਰ ਵੋ।

ਫੇਰੀਂ ਦੁਹਾਈ ਮੇਰੀ
ਵਿਚ ਸੰਸਾਰ ਵੇ ।
ਸੁਤਿਆ ਤੂੰ ਜਾਗ ਸ਼ੇਰਾ
ਪਾਸਾ ਤਾਂ ਮਾਰ ਵੇ ।

## ਕੌਮੀ ਝੋਕ

ਬੀਰਾਂ ਦੀ ਕੌਮੇ ਹੁਣ ਤੂੰ
ਅਖੀਆਂ ਤਾਂ ਖੋਲ ਵੇ ।
ਜਾਗ ਨ ਆਵੇ ਤੈਨੂੰ
ਵਜਦੇ ਪਏ ਢੋਲ ਵੇ ।
ਸੂਰਜ ਦੇ ਵਾਂਗ ਕਿਥੇ,
ਤੇਰਾ ਓਹ ਸ਼ਾਨ ਵੇ ।
ਕਿਥੇ ਨਿਸ਼ਾਨ ਤੇਰੇ
ਝੂਲਦੇ ਅਸਮਾਨ ਵੇ ।
ਕਿਥੇ ਦੋ-ਧਾਰਾ ਖੰਡਾ
ਕਿਥੇ ਕ੍ਰਿਪਾਨ ਵੇ ।

ਲੁਟਿੱਆ ਸਮਾਨ ਤੇਰਾ
ਰਿਹਾ ਕੀ ਕੋਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆਂ ਤਾਂ ਖੋਲ ਵੇ ।
ਭਰੇ ਭੰਡਾਰ ਤੇਰੇ ਹੋਏ
ਅਜ ਖਾਲੀ ਵੇ ।
ਕਿਥੇ ਸੈਂ ਦਾਨੀ ਅਜ ਤੂੰ
ਬਣੀਏ ਸਵਾਲੀ ਵੇ
ਰਾਣੀ ਤੋਂ ਗੋਲੀ ਹੋਕੇ
ਸੁਤੀ ਪਈ ਹਾਲੀ ਵੇ ।
ਚੁਬਦੇ ਨਹੀਂ ਸੀਨੇ ਤੈਨੂੰ
ਭੈਣਾ ਦੇ ਬੋਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅਖੀਆਂ ਤਾਂ ਖੋਲ ਵੇ ।
ਤੇਰਾ ਸੀ ਧਰਮ ਬੱਧਿਆਂ
ਤਾਈਂ ਛੁਡਾਵਣਾ ।

ਤੇਰਾ ਸੀ ਕਰਮ ਸੁਤਿਆਂ
ਤਾਂਈ ਜਗਾਵਣਾ ।
ਸੁਤੀ ਹੈਂ ਆਪ ਤੈਨੂੰ
ਕਿਸਨੇ ਉਠਾਵਣਾ ।
ਭੁਲ ਗਏ ਦਸਮੇਸ ਜੀ ਦੇ
ਤੈਨੂੰ ਅਜ ਕੌਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅਖੀਆਂ ਤਾਂ ਖੋਲ ਵੇ ।
ਭਾਰਤ ਦੀ ਆਸਾ ਟੁਟੀ
ਸਾਰੇ ਸੰਸਾਰ ਤੋਂ ।
ਖੈਰ ਨ ਮਿਲਿਆ ਫਿਰਕੇ
ਮੰਗਿਆਂ ਘਰਬਾਰ ਤੋਂ ।
ਆਸਾ ਓਹ ਪੂਰੀ ਹੋਈ
ਤੇਰੇ ਦਰਬਾਰ ਤੋਂ ।
ਤੇਗ ਬਹਾਦਰ ਦਿਤੇ
ਭਾਰਤ ਤੋਂ ਘੋਲ ਵੇ ।

193

ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆਂ ਤਾਂ ਖੋਲ ਵੋ।
ਭਾਰਤ ਦੀ ਡੁਬਦੀ ਬੇੜੀ
ਤੂੰਹੈ ਅਟਕਾਈ ਸੀ।
ਮਾਰਕੇ ਚਪੇ ਦੋ ਤਿਨ
ਸੋਹਣੀ ਤਰਵਾਈ ਸੀ।
ਤੇਰੇ ਹੀ ਉਤੇ ਹੁਣ ਤਕ
ਆਸਾ ਉਸ ਲਾਈ ਸੀ।
ਫੜਕੇ ਨ ਛਡਣੀ ਬਾਹਾਂ
ਕਿਸ ਦੇ ਏਹ ਬੋਲ ਵੋ।
ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆਂ ਤਾਂ ਖੋਲ ਵੋ।
ਸਤਿਗੁਰ ਨੇ ਸੌਂਪੀ ਤੈਨੂੰ
ਸੇਵਾ ਦੀ ਕਾਰ ਜੀ।
ਝੰਡਾਂ ਅਕਾਲੀ ਫੇਰੋ
ਸਾਰੇ ਸੰਸਾਰ ਜੀ।

ਦੂਰ ਹੈ ਪੈਂਡਾ ਨਾਲੇ
ਸਿਰ ਤੇ ਹੈ ਭਾਰ ਜੀ ।
ਕਿਸਦੀ ਹੈ ਆਸਾ ਤੈਨੂੰ
ਬੈਠੀ ਅਬੋਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅਖੀਆਂ ਤਾਂ ਖੋਲ ਵੇ ।
ਸਿੰਘ ਸਨ ਲਖਾਂ ਉਦੋਂ
ਸਭ ਇਕ ਜਾਨ ਸੀ ।
ਇਕੋ, ਹੀ ਖੂਨ ਸਭਦਾ
ਇਕੋ ਹੀ ਪ੍ਰਾਨ ਸੀ ।
ਇਕੋ ਸੀ ਧਰਮ ਸਭਦਾ
ਇਕੋ ਈਮਾਨ ਸੀ ।
ਦੁਨੀਆਂ ਨੂੰ ਪੁਛ ਲੌ ਭਾਂਵੇ
ਪਤ੍ਰੇ ਕੁਝ ਫੋਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆਂ ਤਾਂ ਖੋਲ ਵੇ ।

195

ਟੁਟਾ ਇਤਫਾਕ ਤੇਰਾ
ਹੋਇਆ ਕੀ ਹਾਲ ਨੀ।
ਮਿੱਟੀ ਵਿਚ ਰੁਲਿਆ ਤੇਰਾ
ਆਰਜ਼ੀ ਇਕਬਾਲ ਨੀ।
ਖਾ ਖਾ ਕੇ ਠੇਡੇ ਹਾਲਾਂ
ਸਮਝੀ ਨਹੀਂ ਚਾਲ ਨੀ
ਜੂਰਜ ਹੈ ਚੜ੍ਹਿਆ ਹੁਣ ਤਾਂ
ਰਸਤੇ ਨੂੰ ਟੋਲ ਵੇ।
ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆਂ ਤਾਂ ਖੋਲ ਵੇ।
ਮਿਤ੍ਰ ਬਣਾਇਆ ਸੀ ਤੂੰ
ਬ੍ਰਿਟਸ਼ ਸ੍ਰਕਾਰ ਨੂੰ।
ਖੂਨ ਵਹਾਇਆ ਆਪਣਾ
ਇਸ ਦੇ ਸ਼ਿੰਗਾਰ ਨੂੰ॥
ਰੰਗ ਚੜ੍ਹਾਇਆ ਇਸਦੇ
ਰਾਜ ਦਰਬਾਰ ਨੂੰ।

ਕਦਰ ਨਾ ਹੋਈ ਤੇਰੀ
ਜਿੰਦੜੀ ਨੂੰ ਘੋਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆਂ ਤਾਂ ਖੋਲ ਵੇ ।
ਬ੍ਰਿਟਸ਼ ਦੀ ਖਾਤਰ ਤੇਰਾ
ਖਾਲਸਾ ਹੀ ਜਾਵੇ ਜੀ ।
ਖੂਨਦੀਆਂ ਨਦੀਆਂ ਬਲਾਂ
ਅੰਦਰ ਵਹਾਵੇ ਜੀ ।
ਤੇਰੀਆਂਘਾਲਾਂ ਦਾ ਅਜ
ਕੌਣ ਮੁਲ ਪਾਵੇ ਜੀ ।
ਮੰਗੀਏ ਅਧਿਕਾਰ ਬਦਲੇ
ਜਾਨਾ ਦੇ ਤੋਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆ ਤਾਂ ਖੋਲ ਵੇ ।
ਧਰਮ ਅਸਥਾਨ ਤੇਰੇ
ਰੁਲਦੇ ਕਿਸ ਹਾਲ ਵੇ ।

ਜਿਨਾਂਦੀ ਖਾਤਰ ਲਖਾਂ
ਵਾਰੇ ਤੁਦ ਲਾਲ ਵੇ ।
ਦੁਸ਼ਮਨ ਦੇ ਰਾਜ ਵੇਲੇ
ਰਖੇ ਸੰਭਾਲ ਵੇ ।
ਮਿਤ੍ਰਾਂ ਦੇ ਵੇਲੇ ਹੋਈ
ਉਲਟੀ ਕਿਉਂ ਡੋਲ ਵੇ ।
ਬੀਰਾਂ ਦੀ ਕੌਮੇ ਹੁਣ ਤੂੰ
ਅੱਖੀਆਂ ਤਾਂ ਖੋਲ ਵੇ ।

## ਕਵੀ ਦਰਬਾਰ ਦੀਆਂ ਇਨਾਮੀ ਕਵਿਤਾ ॥

## ਇਨਾਮੀ ਕਵਿਤਾ ਨੰ: ੧

(ਵਲੋਂ ਭਾਇ ਰਘਬੀਰ ਸਿੰਘ ਜੀ ਬੀ. ਏ. ਲਾਹੌਰ)

੧–ਕੌਮ ਸੋਚਣੇ ਦੀ ਹਦ ਟਪ ਆਏ
ਐਵੇਂ ਮਤੜੀ ਦੇ ਨਾ ਯਾਰ ਅੜਿਆ ।

ਤੇਰੇ ਪਾਣੀ ਦੇ ਛਿਣਕਿਆਂ ਅਗ ਭੜਕੇ,
ਸਾਡਾ ਦੁਖੜਾ ਤੇਲ ਦੇ ਵਾਂਗ ਕੜ੍ਹਿਆ ।
ਕਹਿ ਦੇ ਹੋਨੀ ਨੂੰ ਜੋ ਸਾਡੇ ਸਾੜਨੇਨੂੰ,
ਉਹਨੇ ਜੁਲਮ ਮੁਆਤੜਾ ਹਥ ਫੜਿਆ।
ਬਾਜਾਂ ਵਾਲੜੇ ਗੂਰੁ ਦੇ ਦਰ ਉਤੇ,
ਸਾਨੂੰ ਵੀ ਹੈ ਮਰਨ ਦਾ ਚਾ ਚੜਿਆ ।
ਜਿਨ੍ਹਾਂ ਲਗੀਆਂ ਬਰਛੀਆਂ ਗੁਝੀਆਂ ਨੇ,
ਦਾਰੂ ਕਰਨ ਰਾਜੀ ਨ ਤਬੀਤ ਵਾਲੇ ।
ਜਿਨ੍ਹਾਂ ਯਾਰ ਪਿਛੇ ਮੌਤ ਖੇਡ ਸਮਝੀ,
ਉਹ ਕੀ ਜਾਨਦੇ ਖੌਫ ਸਲੀਬ ਵਾਲੇ ।

++

੨– ਐ ਸਮੇਂ ਦੇ ਹਾਕਮਾ ਮਾਨ ਨਾਂ ਕਰ,
ਕਦੀ ਅਸੀਂ ਵੀ ਸਾਂ ਆਪਣੇ ਰਾਜ ਵਾਲੇ ।
ਅਪਨੀ ਸ਼ਾਨ ਵਾਲੇ ਆਨ ਬਾਨ ਵਾਲੇ,
ਤੇਜ ਤਖਤ ਵਾਲੇ ਤਖਤ ਤਾਜ ਵਾਲੇ ।

ਤੈਥੋਂ ਵਧ ਸੀ ਸਿਰ ਮਗਰੂਰ ਸਾਡਾ,
ਲੋਕੀ ਅਖਦੇ ਸੀ ਸਾਨੂੰ ਲਾਜ ਵਾਲੇ ।
ਧਨੀ ਸੀ ਤਲਵਾਰ ਦੇ ਰਜ ਕੇਤੇ,
ਸਖੀ ਮਰਦ ਸਚੇ ਕੰਮ ਕਾਜ ਵਾਲੇ ।
ਸਾਡਾ ਨਾਮ ਲੈ ਮਾਈਆਂ ਡਰਾਨ ਬਚੇ,
ਐਸਾ ਜਥਾ ਸੀ ਵਿਚ ਸੰਸਾਰ ਬੈਠਾ ।
ਅਸੀ ਓਹੀ ਹਾਂ ਜਿਨ੍ਹਾ ਦੀ ਧਾਕ ਸੁਣਕੇ,
ਥਰ ਥਰ ਕੰਬਦਾ ਸੀ ਸਤਲੁਜ ਪਾਰ ਬੈਠਾ।

++

੩-ਸਮਝੀ ਨਾਂ, ਡਿਗੇ ਸਾਡੇ ਹੌਂਸਲੇ ਨੇ,
ਡਿਗ ਗਈ ਹਥੋਂ ਤਲਵਾਰ ਜੇਕਰ ।
ਮਰਾਂਗੇ ਹੁਣ ਵੀ ਬਧੇ ਸ਼ੇਰ ਵਾਂਗਰ,
ਕਰ ਸਕਦੇ ਨਾਂ ਅਗੋਂ ਵਾਰ ਜੇਕਰ ।
ਉਹੀ ਖੂਨ ਹੈ ਖੂਨ ਦਾ ਜੋਸ਼ ਉਹੀ,
ਹੋਇਆ ਕੀ ਭਾਗਾਂ ਦਿਤੀ ਹਾਰ ਜੇਕਰ ।

ਸਦਾ ਮੌਸਮ ਖਿਜ਼ਾਂ ਬੀ ਨਾਂਹ ਰੈਹਸੀ,
ਰਹੀਏ ਸਾਡੀ ਨਾ ਬਹਾਰ ਜੇਕਰ।
ਝੂਠੀ ਮਾਇਆ ਨੇ ਜਿਦੇ ਤੇ ਮਾਨ ਕਰਦੇ,
ਕਦੀ ਕਿਸੇ ਦੇ ਨਾਲ ਨ ਨਿਹੁੰ ਪਾਲੀ।
ਟਿੰਡਾਂ ਖੂਹ ਦੀਆਂ ਦੇ ਵਾਂਗ ਟੰਗਾ ਦੇਂਦੀ,
ਹੁਨੇ ਹੋਨ ਭਰੀਆਂ ਹੁਨੇ ਹੋਨ ਖਾਲੀ।

ੴ

੪-ਐ ਖਾਲਸਾ ਕੌਮ ਕਰ ਯਾਦ ਵੇਲਾ,
ਬਾਜਾਂ ਵਾਲਾ ਸੀ ਜਦੋਂ ਸਰਦਾਰ ਤੇਰਾ।
ਭਾਈ ਤਾਰੂ ਸਿੰਘ ਜਹੇ ਸੀ ਸਿਖ ਹੁੰਦੇ,
ਜਸਾ ਸਿੰਘ ਵਰਗਾ ਜਥੇਦਾਰ ਤੇਰਾ।
ਜ਼ਾਲਮ ਕੰਬਦੇ ਸੀ ਤੇਰਾ ਨਾਮ ਸੁਨਕੇ,
ਦੁਖੀ ਗਾਂਵਦੇ ਸੀ ਜੈ ਜੈ ਕਾਰ ਤੇਰਾ।
ਪਿਆ ਕੁਲ ਜਹਾਨ ਸੀ ਵੈਰ ਤੇਰੇ,
ਇਕ ਵਾਹਿਗੁਰੂ ਸੀ ਮਦਦਗਾਰ ਤੇਰਾ।

201

ਐਸੇ ਕਠਨ ਇਮਤਿਹਾਨ ਦੇ ਪਲੜੇ ਤੇ,
ਸਿਖ ਕੌਮ ਨਿਕਲੀ ਸੈਂ ਤੂੰ ਐਨ ਪੂਰੀ।
ਅਜ ਗ਼ਮ ਨਾਹੀ ਤੇਰੀ ਤੇ ਤਾਨ੍ਹੈ,
ਮਾਰੇ ਤੇਰੇ ਬਜ਼ੁਰਗਾਂ ਦੀ ਮਸ਼ਹੂਰੀ।

++

੫-ਜਦੋਂ ਹਿੰਦ ਵਿਚੋਂ ਐਹਮਦਸ਼ਾਹ ਫੜਕੇ,
ਲੈ ਚਲਿਆ ਧੀਆਂ ਕੁਆਰੀਆਂ ਨੂੰ।
ਪਾਗਲ ਹੋਕੇ ਪਿਟਦੇ ਪਿਉ ਘਰ ਘਰ,
ਪੈਂਦੇ ਡੋਬ ਮਾਵਾਂ ਸੀ ਵਿਚਾਰੀਆਂ ਨੂੰ।
ਕਿਤੇ ਸਿਖ ਰਲਕੇ ਲੰਗਰ ਖਾਨ ਲਗੇ,
ਲਗਾ ਪਤਾ ਏਹ ਪਰਉਪਕਾਰੀਆਂ ਨੂੰ।
ਭੁਖ਼ੇ ਭਾਨਿਆਂ ਹੀ ਜਾਨ ਹੀਲ ਦਿਤੀ,
ਵਾਪਸ ਲੈ ਆਏ ਕੁੜੀਆਂ ਸਾਰੀਆਂ ਨੂੰ।
ਤੇਰੇ ਖਾਲਸਾ ਕੌਮ ਸੀ ਉਹ ਵਡੇ,
ਦੇਨੋ ਆਨ ਪਿਛੇ ਜਾਨ ਰੁਕਦੇ ਨਾਂ।

ਹੁਨ ਜੇ ਉਹ ਹੁੰਦੇ ਭੈਨਾਂ ਸਾਡੀਆਂ ਦੇ,
ਲੋਕੀ ਘੁੰਡ ਲਾਹਕੇ ਮੂੰਹ ਤੇ ਥੁਕਦੇ ਨਾਂ।

੬-ਹਿੰਦੁਸਤਾਨ ਪਜ਼ਾਰਾ ਸਾਨੂੰ ਬਹੁਤ ਕਿਉਂ ਹੈ
ਸਾਡੇ ਵਡਿਆਂ ਦੀ ਕਤਲ ਗਾਹ ਏਥੇ।
ਦਸਵੇਂ ਗੁਰੂ ਜੀ ਨੇ ਚਾਰੇ ਲਾਲ ਵਾਰੇ,
ਦਿਤਾ ਸੀਸ ਨਾਵੇ ਪਾਤਸ਼ਾਹ ਏਥੇ।
ਸਾਡਾ ਮਕਾ ਮਦੀਨਾ ਤੇ ਹਜ ਕਾਬਾ,
ਸਾਡਾ ਅਰਬ ਸਾਡਾ ਕਰਬਲਾ ਏਥੇ।
ਸਾਡਾ ਸੁਰਗ ਏਹ ਹੈ ਸਚ ਖੰਡ ਏਹ ਹੈ,
ਸਚੇ ਸਤਿਗੁਰੂ ਦੀ ਦਰਗਾਹ ਏਥੇ।
ਹਿੰਦੁਸਤਾਨ ਜੇਕਰ ਤੇਰੀ ਰਛਿਆ ਨੂੰ,
ਸਿਖ ਦੂਜੀਆਂ ਕੌਮਾਂ ਤੋਂ ਮਰਨ ਬਹੁਤੇ।
ਕੋਈ ਅਜਬ ਨਹੀਂ ਕਿਉਂਕਿ ਤੁਝ ਉਤੇ,
ਸਿਖ ਹੀ ਨੇ ਜੋ ਮਾਨ ਕਰਨ ਬਹੁਤੇ।

੭-ਮਾਏ ਸਮਝਨੀਏਂ ਤੂੰ ਮਖੌਲ ਯਾਰੀ,
ਸਿਰੋਂ ਪਰੇ ਪਰੇਮ ਦਾ ਹਈ ਡੇਰਾ।
ਅਖਾਂ ਮੀਟੀਏ ਜੇ ਸਾਰੇ ਜਗ ਵਲੋਂ,
ਬੇਨਕਾਬ ਕਰਦਾ ਸੋਹਨਾ ਫੇਰ ਚੇਹਰਾ।
ਘਰ ਵਸਦਾ ਆਪ ਉਜਾੜ ਦਈਏ,
ਤਦੋਂ ਪਾਂਵਦਾਈ ਪੀਆ ਆਨ ਫੇਰਾ।
ਭੇਟਾ ਸੀਸ ਕਰੀਏ ਮਾਨ ਨਾਂਹ ਕਰੀਏ,
ਰੀਝੇ ਤਦੋਂ ਬਾਜਾਂ ਵਾਲਾ ਗੁਰੂ ਮੇਰਾ।
ਵਾਜਾਂ ਮਾਰਦਾ ਏ ਲਾਲ ਜਹਲਖਾਨੇ,
ਢਾਵਾਂ ਭਸ ਤੇਰੇ ਮੈਹਲ ਮਾੜੀਆਂ ਨੂੰ।
ਲਟਾਂ ਖੁਲੀਆਂ ਨਾਲ ਜੇ ਯਾਰ ਰਾਜੀ,
ਤੀਲੀ ਲਾ ਮਾਏ ਨੀ ਕਨਾਰੀਆਂ ਨੂੰ।

੮-ਬਾਜਾਂ ਵਾਲੇ ਜੀ ਤੇਰੇ ਸਕੂਲ ਅੰਦਰ,
ਲੋਕੀ ਕੈਹਨਕਿ ਲਗਦੀ ਫੀਸ ਕੋਈ ਨਾਂ।

ਹੋਇਆ ਇਸੇ ਖਿਆਲ ਤੇ ਮੈਂ ਦਾਖਲ,
ਦੇਣੇ ਪੈਣਗੇ ਕਿ ਬੀਸ ਤੀਸ ਕੋਈ ਨਾਂ।
ਜਾਕੇ ਵਿਚ ਜਮਾਤ ਦੇ ਵੇਖਿਆ ਮੈਂ,
ਪੜ੍ਹਨ ਵਾਲਿਆਂਦੇ ਧੜੀਂ ਸੀਸ ਕੋਈ ਨਾਂ।
ਲਾਸ਼ੇ ਤੜਫਦੇ ਸੀ ਜੈਸੇ ਮੁਰਗਬਿਸਮਿਲ,
ਕਰ ਸਕਦਾ ਜਿਨ੍ਹਾਂ ਦੀ ਰੀਸ ਕੋਈ ਨਾਂ।
ਏਥੇ ਲਾਜ਼ਮੀ ਸੀਸ ਦੀ ਫੀਸ ਦੇਣੀ,
ਇਕ ਲਾਸ਼ ਨੇ ਕਿਹਾ ਪੁਕਾਰ ਮੈਨੂੰ।
ਸੀਸ ਫੀਸ ਦੇਕੇ ਤੇ ਅਸੀਸ ਦੇਵਾਂ,
ਸਬਕ ਮਿਲੇਗਾ ਤਾਂ ਦੂਜੀ ਵਾਰ ਤੈਨੂੰ।

++

੯-ਤੇਰੀ ਖੁਸ਼ੀ ਦਾ ਗੁਰੂ ਅਨਮੁਲ ਮੋਤੀ,
ਕਿਸੇ ਲਭਿਆ ਸੀਸ ਗਵਾ ਕੇ ਤੇ।
ਤੇਰੀ ਸ਼ਮਾਂ ਦੇ ਰਾਜ ਨੂੰ ਕਿਸੇ ਪਾਇਆ,
ਅੰਗ ਵਾਂਗ ਪਤੰਗ ਜਲਵਾ ਕੇ ਤੇ।

205

ਤੇਰੀ ਸਿਖੀ ਨੂੰ ਸਿਖਿਆ ਸਿਖ ਕੋਈ,
ਖਲ ਵਾਂਗ ਤਬਰੇਜ਼ ਲੁਹਾਕੇ ਤੇ ।
ਕੋਈ ਬੰਧਨਾਂ ਤੋਂ ਆਜ਼ਾਦ ਹੋਇਆ,
ਬੰਦ ਬੰਦ ਪਹਲੇ ਕਟਵਾ ਕੇ ਤੇ ।
ਜਾਂ ਮੈਂ ਦੇਖਨਾਂ ਹਾਂ ਐਜਾ ਮੂਲ ਤੇਰਾ,
ਦਿਲ ਵਿਚ ਰਹਿੰਦੀ ਕੋਈ ਆਸ ਨਾਹੀਂ ।
ਮਨ ਤੇ ਲੋਚਦਾਏ ਸ਼ਾਹਦੇ ਵਸਲ ਕਾਰਨ,
ਪਾਟੀ ਗੋਦੜੀ ਵੀ ਐਪਰ ਪਾਸ ਨਾਹੀਂ ।

++

੧੦-ਬਾਜਾਂ ਵਾਲੜੇ ਜੀ ਤੇਰਾ ਨਾਮ ਲੈਕੇ,
ਅਸੀਂ ਨਿਕਲ ਆਏ ਹਾਂ ਮਦਾਨ ਅੰਦਰ।
ਅੰਗ ਸੰਗ ਹੋ ਕਰੀਂ ਸਹਾਇਤਾ ਤੂੰ,
ਅਪਨੇ ਬਚਿਆਂ ਦੀ ਇਮਤਹਾਨ ਅੰਦਰ।
ਸਾਰੇ ਮਰ ਮਿਟੀਏ ਭਾਵੇਂ ਰਹੇ ਕੋਈ,
ਨਾਮ ਲੈਨ ਜੋਗਾ ਨਾਂ ਜਹਾਨ ਅੰਦਰ।

ਫਰਕ ਵਾਲ ਜਿਨਾਂ ਪਰ ਨਾਂ ਔਨਦੇਈਏ,
ਤੇਰੀ ਸਾਹਿਬਾ ਸਿਖੀ ਦੀ ਸ਼ਾਨ ਅੰਦਰ।
ਝੋਲੀ ਅਡੀਏ ਵਾਂਗ ਭਿਖਾਰੀਆਂ ਦੇ,
ਮੰਨ ਲਈਂ ਦਾਤਾ ਏਹ ਸਵਾਲ ਸਾਡਾ।
ਲਛਮਨਸਿੰਘ ਵਾਂਗਰ ਸਿਖੀ ਸਿਦਕਜਾਵੇ,
ਨਿਭੇ ਕੇਸਾਂ ਸਵਾਸਾਂ ਦੇ ਨਾਲ ਸਾਡਾ।

ਜਿ: ੨ ਨੰ: ੬੨,੬੩

## ਇਨਾਮੀ ਕਵਿਤਾ ਨੰਬਰ ੨

(ਵਲੋਂ ਭਾਈ ਉਤਮ ਸਿੰਘ ਕਵੀ)

ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ,
ਗਲਾਂ ਕਰਨੀਆਂ ਢੇਰ ਸੁਖਲੀਆਂ ਨੀ।
ਕਦਮ ਸੋਚਕੇ ਧਰੀਂ ਇਸ ਰਾਹ ਉਤੇ,
ਪਿਛੋਂ ਰੋਵੰਦੀ ਫਿਰੇਂ ਮਤ ਭੁਲੀਆਂ ਨੀ।
ਬਣਨਾ ਪਵੇ ਕੁਲੀ ਸੁੱਕੀ ਮਿਲੇ ਗੁੱਲੀ,
ਭੁਲੀਂ ਨਹੀਂ ਇਹ ਗਲਾਂ ਅਵਲੀਆਂਨੀ।

ਪੈਰਾਂ ਬੇੜੀਆਂ ਤੇ ਹਥੀਂ ਹਥਕੜੀਆਂ,
ਇਹ ਪਜੇਬਾਂ ਤੇ ਪੌਂਚੀਆਂ ਢਲੀਆਂ ਨੀ।
ਲਗਾ ਜਿਨ੍ਹਾਂ ਨੂੰ ਇਹ ਸ਼ਿੰਗਾਰ ਸੋਹਣਾ,
ਮਹਿਲ ਮਾੜੀਆਂ ਛਡ ਓਹ ਚਲੀਆਂ ਨੀ।
ਕੋਹਲੂ ਖੂਹ ਚਲਾਣੇ ਤੇ ਪੀਹਣ ਚਕੀਆਂ।
ਨਖਰੇ ਨਾਜ਼ ਦੇ ਨਾਲ ਜੋ ਪਲੀਆਂ ਨੀ
ਘਰੀਂ ਬੈਠੀਆਂ ਮਾਰ ਪਥੋਲੀਆਂ ਨਾਂ,
ਸ਼ੇਰਾਂ ਵਾਂਗ ਓਹ ਡਟੀਆਂ ਖਲ਼ੀਆਂ ਨੀ।
ਹੁਕਮ ਫਾਂਸੀ ਦਾ ਸੁਨਣ ਤਾਂ ਹਸ ਛਡਣ,
ਜੇਹਲ ਵਿਚ ਖੇਲਨ ਰੰਗ ਰਲੀਆਂ ਨੀ।
ਭਲਾ ਕਦੇ ਅਜ਼ਾਦੀ ਭੀ ਮਿਲੀ ਮੰਗਿਆਂ?
ਜਿੰਦੇ ਤਡੀਆਂ ਕਾਸਨੂੰ ਤਲੀਆਂ ਨੀ।
ਕਾਸੇ ਛਡ ਹੁਣ ਹਾਸੇ ਕਰਵਾ ਨਾਹੀਂ,
ਠੂਠੇ ਹਥ ਨਾ ਸੋਭਦੇ ਬਲੀਆਂ ਨੀ।
ਜੇਕਰ ਹੀਰ ਦੀ ਲੋੜ ਹਈ ਰਾਂਝਣਾਂ ਵੇ,
ਤੇਰੇ ਲਈ ਗਲਾਂ ਇਹੋ ਭਲੀਆਂ ਨੀ।

ਜਾਕੇ ਰੰਗਪੁਰ ਅਲਖ ਜਗਾ ਮਾਹੀਆ,
ਗਲਾਂ ਹੋਵਸਨ ਸਭ ਸਵਲੀਆਂ ਨੀ।
ਕਰਮਾਂ ਤੇਰਿਆਂ ਵਿਚ ਹੈ ਹੀਰ ਲਿਖੀ,
ਐਵੇਂ ਖੇੜਿਆਂਦੀਆਂ ਲਿੱਟਾਂ ਛੁਲੀਆਂਨੀ।
ਕਰਨਾ ਹੋਇਆ ਕੀ ਓਹਨਾਂਅਵੈੜਿਆਂਨੇ,
ਪ੍ਰੀਤਾਂ ਨਹੀਂ ਜਦ ਕਚੀਆਂ ਪਿਲੀਆਂ ਨੀ।
ਸੁਣੀਂ ਰਾਂਝਿਆ ਵੇ ਕੰਨ ਡਾਹ ਕੇਤੇ,
ਗੱਲਾਂ ਹੀਰ ਨੇ ਜੋ ਆਖ ਘਲੀਆਂ ਨੀ।
ਜਿੰਦੇ ਰੰਗ ਪੁਰ ਪੁਜ ਜੋ ਸਕੇ ਨਾ ਤੂੰ,
ਘਰੇ ਬੈਠਕੇ ਕੱਤਣੀਆਂ ਛਲੀਆਂ ਨੀ।
ਤਾਂਣੀ ਲੇਣੀ ਬਣਾ ਅਟੇਰ ਸੂਤਦ,
ਵੱਟ ਲੈਣੀਆਂ ਨਾਲ ਕੁਲ ਨਲੀਆਂਨੀ।
ਘਰੇ ਖੱਡੀਆਂ ਗੱਡ ਤ ਉਣੀ ਖੱਦਰ,
ਨਾਲੇ ਪੁਨ ਹੋਸਾ ਨਾਲੇ ਫਲੀਆਂਨੀ।
ਖਦਰ ਪਾਵਸੈਂ ਤਾਂ ਹੋਸੀ ਕਦਰ ਤੇਰੀ,
ਪੈਸਣ ਜਗਦੇ ਵਿਚ ਥਰਥਲੀਆਂ ਨੀ।

209

ਪਿਆ ਸਠ ਕਰੋੜ ਦਾ ਜਦੋਂ ਘਾਟਾ,
ਹੋਸਨ ਆਕੜਾਂ ਜਲਦ ਹੀ ਢਿਲੀਆਂ ਨੀ।
ਘਰੀਂ ਆਵਸਣ ਰਾਂਝਿਆਂ ਹੀਰ ਲੈਕੇ,
ਸੋਹਣੇ ਤਖਤ ਹਜ਼ਾਰੇ ਦੀਆਂ ਗਲੀਆਂ ਨੀ।
ਏਨੀਂ ਬਾਤ ਭੀ ਰਾਂਝਾ ਜੇ ਕਰੇ ਨਾਹੀਂ,
ਗਲਾਂ ਤਰੀਆਂ ਸਾਰੀਆਂ ਝਲੀਆਂ ਨੀ।
ਸੇਵਾ ਦੇਸ ਦਾ ਜਿਨਾਂ ਨੂ ਚਾਓ ਆਯਾ,
ਉਹਨਾਂ ਲੱਖ ਮੁਸੀਬਤਾਂ ਝਲੀਆਂ ਨੀ।

ਜਿਲਦ ੨ ਨੰ: ੬੧

## ਇਨਾਮੀ ਕਵਿਤਾ ਨੰ: ੩

ਜਾਤਾ ਹੰਸ ਤੇ ਮਾਨਸਰ ਸੌਂਪ ਦਿਤਾ,
ਹੈਸੀ ਖਬਰ ਨਾ ਕਾਈ ਜਰਵਾਣਿਆਂ ਦੀ।
ਵੇਖ ਬਗਲ ਸਮਾਧੀਆਂ ਰਹੇ ਭੁਲੇ,
ਸਮਝੀ ਪਾਲਸੀ ਨ ਮੱਛੀ ਖਾਣਿਆਂ ਦੀ।

ਮੌਨ ਧਾਰੀਆਂ ਵੈਠ ਕਿਨਾਰਿਆਂ ਤੇ,
ਕੀਤੀ ਸ਼ਾਨ ਬਰਬਾਦ ਘਰਾਨਿਆਂ ਦੀ।
ਹੋਏਜਾਣ ਅਸਾਧ ਹੁਣ ਸਾਧ ਜਲਦੀ,
ਲੈਣੀ ਆਣਕੇ ਸਾਰ ਨਿਮਾਣਿਆਂ ਦੀ।
ਡਿਠਾ ਘਰੋਂ ਬੇ ਘਰੇ ਤਾਂ ਥਾਂ ਦਿਤੀ,
ਵੰਡੀ ਦਰਦ ਸੀ ਦਰਦ ਰੰਝਾਣਿਆਂ ਦੀ।
ਸਚਮੁਚ ਅੱਗ ਨੂੰ ਆਈ ਘਰ ਮਲ ਬੈਠੀ,
ਆਖੇ ਮਾਲਕੀ ਦਿਨਾਂ ਪੁਰਾਣਿਆਂ ਦੀ।
ਲੇ ਦੇਕੇ ਸੜ ਗਏ ਜਿਗਰ ਤਾਈਂ,
ਸੀਗੀ ਆਸ ਇਕ ਧਰਮ ਟਿਕਾਣਿਆਂਦੀ।
ਦਰਸ਼ਨ ਉਨ੍ਹਾਂ ਦੇ ਭੀ ਹੁੰਦੇ ਵਾਰ ਜਾਨਾਂ,
ਲੈਣੀ ਆਣਕੇ ਸਾਰ ਨਿਮਾਣਿਆਂ ਦੀ।
ਉਂਗਲ ਫੜੇ ਹੁਣ ਕੌਣ ਆ ਆਜਜ਼ਾਂ ਦੀ,
ਬੇੜੀ ਗਰਕ ਹੋ ਰਹੀ ਮੁਹਾਣਿਆਂ ਦੀ।
ਸ਼ਰ੍ਹਾ ਮੋਮਨਾਂ ਤਾਈਂ ਸੁਣਾਏ ਕਿਹੜਾ,
ਨਸ਼ਟ ਹੋ ਗਈ ਮਤ ਮੁਲਾਣਿਆਂ ਦੀ।

211

ਨੀਤੀ ਘੂਕ ਸੁਤੀ ਰੂਪ ਮਾਰ ਸੁਸਤੀ,
ਚੁਸਤੀ ਗਈ ਸਭ ਬੜੇ ਦਿਵਾਨਿਆਂ ਦੀ।
ਸਾਡੇ ਜੀਵਣੇ ਦਾ ਕੋਈ ਹਾਲ ਨਾਹੀਂ,
ਲੈਣੀ ਆਣਕੇ ਸਾਰ ਨਿਮਾਣਿਆਂ ਦੀ।
ਖੂਨ ਜਿਗਰ ਦਾ ਜਿਸ ਲਈ ਡੋਹਲਦਿਤਾ,
ਸ਼ਕਲ ਧਾਰ ਲਈ ਓਸ ਬਿਗਾਨਿਆਂਦੀ।
ਰਹੇ ਘੋਲਦੇ ਜਾਨ ਜਿਸ ਸ਼ਮਾਂ ਉਤੋਂ,
ਕੀਤੀ ਕਦਰ ਨਾ ਓਸ ਪਰਵਾਨਿਆਂ ਦੀ।
ਫਲੂਦਾ ਰਿਹਾ ਨ ਸ਼ੀਰੀਂ ਫਰਿਹਾਦਸੁਣਲੋ,
ਸੁਪਨਾ ਗਲ ਹੋਗਈ ਮਿਤ੍ਰਾਨਿਆਂ ਦੀ।
ਸਹਿਜ ਵਾਲਿਆਂ ਗਾਲਿਆਢੇਰਸਾਂਈਆਂ,
ਲੈਣੀ ਝਬ ਆ ਸਾਰ ਨਿਮਾਣਿਆਂ ਦੀ।

ਜਿਲਦਰ ਨੰ: ੬
ਉੱਤਮ ਸਿੰਘ ਗੜ੍ਹ ਨਿਵਾਸੀ

# ਇਨਾਮੀ ਕਵਿਤਾ ਨੰ: ੪

੧—ਕਿਸੇ ਆਖਿਆ ਜਾਇ ਪਤੰਗ ਤਾਈਂ,
ਵੇਖ ਦੀਵੜੇ ਬਤੀਆਂ ਬੱਲੀਆਂ ਨੀ।
ਕੰਨੀ ਪਈ ਸੋ, ਝਬ ਤਿਆਰ ਹੋਯਾ,
ਕਹਿੰਦਾ ਸਾਡੀਆਂ ਭੀ ਜਾਨਾ ਚਲੀਆਂ ਨੀ!
ਪੀਤਾ ਪ੍ਰੇਮ ਪਿਆਲੜਾ ਹੀਰ ਰਾਂਝੇ, ਵਾਹ,
ਵਾਹ ਔਖੀਆਂ ਘਾਟੀਆਂ ਮੱਲੀਆਂ ਨੀ।
ਸੇਵਾ ਦੇਸ ਦਾ ਜੇ ਤੈਨੂੰ ਚਾਉ ਜਿੰਦੇ,
ਸੋਹਣੀ ਵਾਂਗ ਕਤ ਚਰਖੜੇ ਛਲੀਆਂ ਨੀ।
੨—ਤਲੀ ਰਖਣਾ ਸੀਸ ਮਨਜ਼ੂਰ ਕਰਲੈ,
ਹਰੀਆਂ ਕਰਨੀ ਆਂਝੂਲਸੀਆਂ ਕਲੀਆਂ ਨੀ।
ਮਗਰ ਲਗ ਤੂੰ ਆਗੂਆਂ ਲੀਡਰਾਂ ਦੇ,
ਜਿਨਾ ਸੀਸ ਟਿਕਾਇਆ ਤੱਲੀਆਂ ਨੀ।
ਗਾਂਧੀ, ਲਾਜਪਤ, ਅਲੀ ਭਰਾ, ਕਿਚਲੂ,
ਛਡ ਉਨ੍ਹਾ ਦੇ ਵਾਂਗ ਹੁਣ ਜਲੀਆਂ ਨੀ।

213

ਬੇ ਅਨਿਆਂਈ ਤੇ ਜ਼ੁਲਮ ਹਟਾਵਣੇ ਨੂੰ,
ਜੇਹੜੇ ਪਾਂਵਦੇ ਯੋਗ ਤਰਥਲੀਆਂ ਨੀ।
੩–ਮੰਨ ਆਗਿਆ ਕਾਂਗ੍ਰਸ ਲੀਗ ਕੇਰੀ,
ਖਦਰ ਪੈਹਰ ਲੈ ਗਲਾਂ ਇਹ ਭਲੀਆਨੀ।
ਦਿਲੋਂ ਛਡ ਸ਼ਰਾਬ ਖਰਾਬ ਤਾਈਂ,
ਜਿਹਦੇ ਪੀਤਿਆਂ ਅਕਲਾਂ ਢਲੀਆਂ ਨੀ।
ਇਹਕਚੈਹ੍ਰੀਆਂ ਲੈਹਰੀਆਂ ਗੈਹ੍ਰੀਆਂ ਨੀ,
ਡੁਬ ਜਾਵਸੇਂ ਚੂੰਡਦੀ ਫੱਲੀਆਂ ਨੀ।
ਇਹਤ ਜਾਗ ਔਕੜ ਤੈਨੂੰ 'ਭਾਨ' ਆਖੇ,
ਜਿਹਨੇ ਰੁੜ੍ਹਦੀਆਂ ਬੇੜੀਆਂ ਠਲੀਆਂਨੀ।
੪–ਬੀਰਸਿੰਘ ਸ੍ਰਦੂਲ ਕੁਰਬਾਨ ਹੋਇਆ,
ਤੀਰ ਹਿਜਰ ਨੇ ਆਂਦਰਾਂ ਸੱਲੀਆਂ ਨੀ।
ਜ਼ਫਰ ਅਲੀ, ਗਰੀਬ, ਪ੍ਰਤਾਪ ਦੂਲਾ,
ਵੇਖਣ ਗਏ ਹਨ ਜੇਹਲੜੀ ਗੱਲੀਆਂ ਨੀ।
ਮੰਗਲ ਸਿੰਘ ਇਹ ਛੋੜ ਆਨੰਦ ਮੰਗਲ,
ਗਿਆ ਜੇਹਲ ਐਸ਼ਾਂ ਸਾਨੂੰ ਘੱਲੀਆਂ ਨੀ।

ਕਈ ਬੁਲਬੁਲਾਂ ਹੋਰ ਬੇਪਰ ਹੋਈਆਂ,
ਪਈਆਂ ਪਿੰਜਰੇ ਛੋੜ ਫੁਲ ਡੱਲੀਆਂ ਨੀ।
੫- ਤੇਰੇ ਵਿਚ ਨ ਸੇਵ ਦੀ ਬੂ ਕੋਈ,
ਨਾਲ'ਦਰਦ' ਦੇ ਨਾੜੀਆਂ ਹੱਲੀਆਂ ਨੀ।
'ਹੀਰਾ' ਵੇਖ ਤੇਰੀ ਖਾਤਰ ਧੂੜ ਮਿਲਿਆ,
ਕਈ ਹੋਰ ਜਾਨਾਂ ਮਿਟੀ ਰੱਲੀਆਂ ਨੀ।
ਸ੍ਰੀ ਮਾਨ ਪ੍ਰਧਾਨ ਝਭ੍ਾਲੀਏ ਭੀ,
ਘੋੜ ਘਾਣੀਆਂ ਦਾਲੀਆਂ ਦੱਲੀਆਂ ਨੀ।
ਸੇਵਾ ਦੇਸ ਦਾ ਜਿਨ੍ਹਾ ਨੂੰ ਚਾਹ ਆਇਆ,
ਉਨ੍ਹਾਂ ਲਖ ਮੁਸੀਬਤਾਂ ਝੱਲੀਆਂ ਨੀ।
(ਨਰਾਇਣ ਸਿੰਘ 'ਭ੍ਾਨ' ਜੇਹਲਮ)

ਜਿ: ੨ ਨੰ: ੧੬

# ਕਿਰਪਾਨ-ਦਾੜ੍ਹਾ-ਧਾਰਮਕ ਚਿੰਨ

## ਕ੍ਰਿਪਾਨ ਦਾ ਸਾਈਜ਼ ਕੋਈ ਨਹੀਂ ਘਟਾ ਸਕਦਾ ?

'ਸੂਰਜ' ਤਾਰੇ ਸਭ
ਚਮਕਦੇ ਕੁਦਰਤੀ ਉਹ,
ਕੋਈ ਸਾਈਜ਼ ਨਾ ਉਨ੍ਹਾਂ
ਘਟਾ ਸਕਦਾ ।
'ਕਨ ਨਕ' ਤੇ 'ਅਖਾਂ'
ਜੋ ਕੁਦਰਤੀ ਹਨ,
ਕੋਈ 'ਢੰਗ ਨ ਉਨ੍ਹਾਂ
ਵਟਾ ਸਕਦਾ ।
'ਨਾੜ' 'ਨਾੜ' ਜੋ
ਦੇਹੀ ਦੇ ਵਿਚ ਲਗੀ
ਲਹੂ ਵਗੇ ਜੇ
ਕੋਈ ਕਟਾ ਸਕਦਾ ।

ਇਸੇਤਰ੍ਹਾਂ "ਕਿਰਪਾਨਾਂ"
ਏ ਕੁਦਰਤੀ ਹੈਂ,
ਨਾ ਕੋਈ ਹਟਾ ਸਕਦਾ
ਨਾ ਕੋਈ ਘਟਾਸਕਦਾ।
(ਸੰਤੋਖ ਸਿੰਘ)

## ਖੁਲ੍ਹੇ ਦਾੜ੍ਹੇ ਨੂੰ ਜੁਰਮ ਬਨਾਣ ਲਗੇ।

ਕਿਥੇ ਵੇਲਾ ਸੁਨਹਿਰੀ ਓਹ ਖਾਲਸੇ ਦਾ,
ਲੋਕੀ ਪਾਲਕੇ ਦਾਹੜੇ ਵਧਾਂਵਦੇ ਸਨ !
ਹਰੀ ਸਿੰਘ ਤੇ ਸ਼ੇਰ ਸਿੰਘ ਜੋਧਿਆਂ ਦੇ,
ਸੁੰਦਰ ਦਾੜ੍ਹਿਆਂ ਤੇ ਰਸ਼ਕਾਂ ਖਾਂਵਦੇ ਸਨ !
ਧੁੰਨੀ ਤੀਕ ਭਰਵੇਂ ਚਮਕ ਦਾਰ ਦਾੜ੍ਹੇ,
ਦਰਸ਼ਨ ਨਾਲ ਹੀ ਦੁਸ਼ਟ ਥਰਾਂਵਦੇਸਨ,

218

ਬੱਬਰ ਸ਼ੇਰ ਮਹਾਰਾਜ 'ਰਣਜੀਤ ਹੀਰੋ।
ਐਸੇ ਬੀਰ ਬਹੁ ਬਖਸ਼ਸਾਂ ਪਾਂਵਦੇ ਸਨ,

ਹਾਇ! ਹਾਇ! ਹੁਣ ਕਹਿਰ ਏਹ ਹੋਣ ਲਗੇ,
ਲੰਮੇ ਦਾੜ੍ਹੇ ਨੂ ਜੁਰਮ ਬਨਾਣ ਲੱਗੇ।
ਸ਼ਿੰਘਾਂ ਬੀਰ ਬਹਾਦਰਾਂ ਫੌਜੀਆਂ ਨੂੰ,
ਦਾੜ੍ਹੇ ਜੁਰਮ ਬਦਲੇ ਜੇਲ੍ਹਾਂ ਪਾਨ ਲੱਗੇ।
ਦਾੜ੍ਹਾ ਖੋਲ੍ਹਕੇ ਰਖਣਾ ਹੁਕਮ ਗੁਰਦਾ,
ਇਸਦੇ ਤੋੜਨੇ ਨੂੰ ਜੋਰ ਲਾਨ ਲੱਗੇ।
ਕਲਗੀ ਵਾਲੜੇ ਦੇ ਸ਼ੇਰਾਂ ਤਾਂਈ, ਦਾੜ੍ਹਾ,
ਜਕੜਨ ਲਈ ਮਜਬੂਰ ਕਰਾਨ ਲੱਗੇ।

ਪਹਿਲੇ ਫੌਜੀਆਂ ਉਤੇ ਕਿਰਪਾਨ ਬਦਲੇ,
ਨੌਕਰ ਸ਼ਾਹੀ ਨੇ ਮੌਹਰ ਮਹਾਨ ਕੀਤੀ।
ਖਿਦਮਤ ਭੁਲਕੇ ਕਈ ਮੌਕੂਫ ਕੀਤੇ,
ਚਕੀ ਜੇਲ੍ਹ ਦੀ ਕਈਆਂ ਨੂ ਦਾਨ ਕੀਤੀ।

ਦਾੜ੍ਹੇ ਲਈ ਹੁਣ ਕੈਦ ਦੇ ਦੰਡ ਦਿਤੇ,
ਕੇਸਾਂ ਵਾਸਤੇ ਸੜਕ ਆਸਾਨ ਕੀਤੀ।
ਐਸੇ ਹਾਲ ਅੰਦਰ, ਕੇਸਾਂ ਲਈ ਛਤੀ,
ਸਮਝੋ ਆਗਿਆ ਕੋਈ ਪਰਵਾਨ ਕੀਤੀ।

ਨੌਕਰ ਸ਼ਾਹੀਏ ! ਮਿੱਠੋਇ ਫਾਹੀਏ ਨੀ !
ਚ ਹੀਏ ਸਾਹ ਲੈਣਾ, ਹੁਣਤਾਂ ਅੱਤ ਹੋਈ।
ਧੱਕੇ ਨਾਲ ਨਾਂ ਰਾਜ—ਜੜ ਕੈਮ ਰਹਿੰਦੀ,
ਤੇਰੀ ਕਿਉਂ ਅਪੁਠੜੀ ਮੱਤ ਹੋਈ।
ਫੌਜੀ ਸਿੰਘਾਂ ਦੀ ਲੋੜ ਜੇ ਨਹੀਂ ਤੈਨੂੰ,
ਖੁਸ਼ੀ ਨਾਲ ਤਜ, ਜਾਣੀਏ ਗੱਤ ਹੋਈ।
ਕਾਹਨੂੰ ਜ਼ਖਮਤੇ ਜ਼ਖਮਪਈ ਲਾਵਨੀਏ!
ਸਾਡਾ ਨੈਣ ਜਲ ਵੀ ਹੁਣ ਤਾਂ ਰੱਤ ਹੋਈ।

(ਬੱਧਾ ਸ਼ੇਰ)

# ਮੁਤਫਰਕ—ਪੰਥਕ ਦਰਦ ਕਾਨਫਰੰਸ-ਕਰਤਾਰ ਦੇ ਰੰਗ ॥

## ਸੰਤ ਕੌਣ ਹੈ?

ਅਜ ਕਲ ਲੋਕਾਂ ਨੇ ਭੇਖ ਬਣਾ ਕੇ ਸੰਤ ਨਾਮ ਨੂੰ ਬੜਾ ਭੰਡਦਿਤਾ ਹੈ। ਸੇਵਾ, ਪ੍ਰਉਪਕਾਰ, ਵਾਹਿਗੁਰੂ ਤੇ ਭਰੋਸਾ ਦੂਜਿਆਂ ਲਈ ਕੁਰਬਾਨੀ ਆਦਕ ਗੁਣਾਂ ਦੀ ਥਾਂ ਨਿਰੀ ਬਾਹਰ ਦੀ ਬਣਾਉਟ ਨੇ ਹੀ ਮਲ ਲਈ ਹੈ। ਕਈ ਮਹਾਤਮਾਂ ਚਗੇ ਹਨ ਜਿਨਾਂ ਦੇ ਦਿਲ ਵਿਚ ਰਬ ਦਾ ਤੇ ਰਬ ਦੇ ਬੰਦਿਆਂ ਦਾ ਪਿਯਾਰ ਹੈ ਓਨ੍ਹਾਂ ਨੂੰ ਕਪੜੇ ਪਹਿਰਨ ਯਾ ਨੰਗੇ ਰਹਿਣ ਦਾ ਕੋਈ ਵਿਚਾਰ ਨਹੀਂ ਹਰ ਹਾਲਤ ਵਿਚ ਪ੍ਰਸੰਨ ਰਹਿੰਦੇ ਹਨ ਹੇਠਾਂ ਅਸੀ ਸ੍ਰੀ ਮਾਨ ਭਾਈ ਸਾਦੂਲ ਸਿੰਘ ਜੀ ਕਵੀਸ਼ਰ ਦੀ ਇਕ ਸੁਆਦਲੀ ਕਵਿਤਾ ਜੋ

ਓਨ੍ਹਾਂ ਨੇ ਭੇਖੀਆ ਦੇ ਮੁਤਲਕ "ਸਪਿਰਟ ਆਫ ਦੀ ਸਿਖਸ" ਨਾਮੀ ਪੋਥੀ ਵਿਚ ਲਿਖੀ ਹੈ ਛਾਪਦੇ ਹਾਂ:-

ਸੰਤ ਨਾਂ ਚਿਟੀ ਚ ਦਰੀਂ,
ਸੰਤ ਨਾ ਨੰਗੀ ਲੱਤ ।
ਸੰਤ ਨਾਂ ਛੋਟੀ ਪਗੜੀ,
ਸੰਤ ਨਾ ਪੁੱਠੀ ਮੱਤ ।
ਸੰਤ ਨਾਂ ਤਰਨ ਵਾਲਿਆਂ,
ਸੰਤ ਨਾਂ ਗਿਰੀ ਬਦਾਮ ।
ਸੰਤ ਨਾਂ ਦੁ ਕਲ ਚਾਕੂਆਂ,
ਸੰਤ ਨਾਂ ਜੇ ਬ੍ਹਾ ਰਾਮ ।

ਸੰਤ ਨਾ ਮਖਮਲ ਬਿਸਤਰੀਂ,
ਸੰਤ ਨਾ ਮੱਖਣ ਖਾਣ ।

ਸੰਤ ਨਾਂ ਲਮਕਨ ਮੋਟਰੀਂ,
ਸੰਤ ਨਾਂ ਧੂੜ ਉਡਾਨ ।
ਸੰਤ ਨਾਂ ਉਚੀ ਕੁਰਸੀਆਂ,
ਸੰਤ ਨਾਂ ਦੋੜ ਪਲੰਗ ।
ਸੰਤ ਨਾਂ ਨੱਚਨ ਟਪਿਆਂ ।
ਸੰਤ ਨਾਂ ਚਾਲ ਕੁਲੰਗ ।

++

ਸੰਤ ਨਾਂ ਅਤਰ ਫੁਲੇਲਿਆਂ,
ਸੰਤ ਨਾਂ ਸਾਬਨ ਮੂੰਹ ।
ਸੰਤ ਨਾਂ ਚੁਪ ਕਰੀਤਿਯਾਂ,
ਸੰਤ ਨਾਂ ਘੁੱਘੂ ਘੂੰ ।

++

ਸੰਤ ਨਾਂ ਮਾਥ ਟਿਕਾਯਾਂ,
ਸੰਤ ਨਾਂ ਦੇਂਦੇ ਪੁਤ ।
ਸੰਤ ਨਾਂ ਪੂਜਾ ਚਾਹੁੰਦੇ,
ਸੰਤ ਨਾਂ ਬਨ ਦੇ ਬੁਤ ।

ਸੰਤ ਨਾਂ ਟਾਲ ਮਟੋਲਿਆਂ,
ਸੰਤ ਨਾਂ ਉਲਟਾ ਗੱਲ ।
ਸੰਤ ਨਾਂ ਵਡੀ ਵਿਡੀਆਂ,
ਸੰਤ ਨਾਂ ਬਨਕੇ ਮੱਲ ।

ਸੰਤ ਨਾਂ ਲਡੂ ਪੇੜਿਆਂ,
ਸੰਤ ਨਾਂ ਹਲਵਾ ਖੀਰ ।
ਸੰਤਨਾਂ ਊਲ ਜਲੂਲਿਆਂ,
ਸੰਤ ਨਾਂ ਬਨਦੇ ਪੀਰ ।

ਸੰਤ ਨਾਮ ਸੰਤਨ ਆਧਾਰ,
ਹੋਏ ਰਹੇ ਸਭ ਕੀ ਪਗ ਛਾਰ ।

ਉਠ ਅੱਖਾਂ ਤਈਂ ਉਘਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ ।
ਅਗੇ ਬਹੁ ਸੁਖ ਉਠਾਏ ਨੇ,
ਵਿਚ ਖੁਸ਼ੀਆਂ ਸਮੇਂ ਬਿਤਾਏ ਨੇ ।

223

ਕਈ ਭੋਜਨ ਛੱਕ ਛਕਾਏ ਨੇ,
ਰੰਗ ਰਲੀਆਂ ਬਹੁਤ ਮਨਾਏ ਨੇ।
ਹੁਣ ਪਿਛਲੀ ਗਲ ਵਿਸਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ।
ਬਹੁ ਪੇਟ ਪਾਲਨਾ ਕੀਤੀ ਹੈ,
ਨਹੀਂ ਛਡੀ ਪਾਪ ਅਨੀਤੀ ਹੈ।
ਸਭ ਉਮਰ ਇਵੇਂ ਹੀ ਬੀਤੀ ਹੈ,
ਨਹੀਂ ਸਾਰ ਪੰਥ ਦੀ ਲੀਤੀ ਹੈ।
ਹੁਣ ਆਲਸ ਸਭ ਉਤਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ।
ਚਲ ਵੇਖ ਪੰਥ ਦਾ ਹਾਲ ਹੁਣੇ,
ਛਡ ਸਾਰੇ ਹੋਰ ਖਿਆਲ ਹੁਣੇ।
ਸੁਣ ਵਿਥਯਾਉਹ ਵਿਕਰਾਲ ਹੁਣੇ।
ਜੋ ਬੀਤੀ ਵੀਰਾਂ ਨਾਲ ਹੁਣੇ।
ਚਲ ਦਿਲ ਦੇ ਕਢ ਗੁਬਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ।

ਜਿਨ ਮਸਤਕ ਭਾਗ ਲਖਾਏ ਗਏ,
ਸੋ ਵੀਰ ਸ਼ਹੀਦੀ ਪਾਇ ਗਏ।
ਤਨ ਰਤੀ ਤੋਲ ਕਟਾਇ ਗਏ,
ਅਰ ਨਦੀਆਂ ਲਹੂ ਚਲਾਏ ਗਏ।
ਸਭ ਦਿਤੇ ਪਾਪ ਉਤਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ।
ਹਨ ਜੀਂਦੇ ਕਈ ਜਲਾਏ ਗਏ,
ਅਰ ਕੀਮੇ ਭੀ ਕਰਵਾਏ ਗਏ।
ਬਹੁ ਤਨ ਤੇ ਕਸ਼ਟ ਉਠਾਇ ਗਏ।
ਅਰ ਸਾਨੂੰ ਖ਼ੂਨ ਸੁਣਾਇ ਗਏ।
ਚਲ ਵੇਖ ਗੁਰੂ ਦਰਬਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ।
ਹੁਣ ਔਘਟ ਵੇਲਾ ਆਯਾ ਈ,
ਫਿਰ ਗੁਰਾਂ ਪੰਥ ਅਜ਼ਮਾਇਆ ਈ।
ਜ਼ਾਲਮ ਨੇ ਹਥ ਉਠਾਇਆ ਈ,
ਅਰ ਭਾਂਤਭਾਂਤ ਡਰ ਪਾਇਆਈ।

ਉਠ ਭਭਕ ਸ਼ੇਰ ਦੀ ਮਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ।
ਕਰ ਵਲ ਸ਼ਹੀਦਾਂ ਧਿਆਨ ਜ਼ਰਾ,
ਹੋ ਸਿਖੀ ਤੋਂ ਕੁਰਬਾਨ ਜ਼ਰਾ।
ਹੁਣ ਰਖ ਤਲੀ ਤੇ ਜਾਨ ਜ਼ਰਾ,
ਅਰ ਅਪਨਾ ਫਰਜ਼ ਪਛਾਨ ਜ਼ਰਾ।
"ਹੈ ਮਰਨਾ" ਕਹੁ ਲਲਕਾਰ ਮਨਾ,
ਹੋ ਸੇਵਾ ਲਈ ਤਿਆਰ ਮਨਾ।
ਚਲ ਕਾਨਫ੍ਰੰਸ ਤੇ ਤੁਰਦਾ ਹੋ,
ਹੁਣ ਦੁਨੀਆਂ ਵਲੋਂ ਮੁੜਦਾ ਹੋ।
ਸੁਣ ਹੁਕਮ ਪੰਥ ਜੋ ਧੁਰਦਾ ਹੋ,
ਮਨ ਗੋਲਾ ਸਚੇ ਧੁਰਦਾ ਹੋ।
ਚਲ ਛੇਤੀ ਪੁਰ ਹੁਸ਼ਿਆਰ ਮਨਾ,
ਹੋ ਸੇਵਾ ਲਈ ਤਿਆਰ ਮਨਾ।

ਸਾਧੂ ਸਿੰਘ ਗਜਾਨੀ

# ਸਿਖ ਹਿਰਦੇ ਦਾ ਉਬਾਲ !

ਜ਼ੁਲਮੀ ਦਿਹਾੜੇ, ਆ ਗਏ,
ਹੁਣ ਫਿਰ ਪਿਆਰੇ ਖਾਲਸਾ,
ਹੁਣ ਜੋਸ਼ ਠਾਠਾਂ ਕਿਉਂ ਨਾ
ਮਾਰੇ, ਖੂਨ ਤੇਰਾ ਖਾਲਸਾ ?
ਰੱਤ ਵੇਖ ਠੰਡੀ ਤੇਰੜੀ, ਅੱਤ
ਸ਼ਾਹੀ ਨੌਕਰ ਕਰ ਰਹੇ.
ਤੂੰ ਕਰਨ ਦੇਹ ਉਹ ਭਰਨਗੇ,
ਹੋ ਬੀਰ ਸ਼ੇਰਾ ਖਾਲਸਾ।
ਕਰ ਯਾਦ ਅਰਜਨ ਗੁਰੂ ਨੂੰ,
ਅਤੇ ਬਹਾਦਰ ਤੇਗ ਨੂੰ.
ਤੂੰ ਹਾਰ ਸਕਦਾ ਹੀ ਨਹੀਂ,
ਜੇ ਕਰੇਂ ਜੇਰਾ ਖਾਲਸਾ।
ਰੱਖ ਯਾਦ ਮੱਤੀ ਦਾਸ ਨੂੰ,
ਉਸ ਤਨ ਚਿਰਾਯਾ ਕਾਸ ਨੂੰ,

227

ਕਿਉਂ ਡਰੇ ਫਾਂਸੀ ਜੇਹਲ ਤੋਂ,
ਦਿਲ ਜਿਗਰ ਤੇਰਾ ਖਾਲਸਾ।
ਜੇਫੜਨਜ਼ਾਲਮਆਣ ਤੁਝਨੂੰ,
ਡਰੀਂ ਨ ਹਥਕੜੀ ਤੋਂ,
ਨਾਨਕ ਗੁਰੂ ਨੇ ਜੇਹਲ ਵਿਚ
ਕੀਤਾ ਸੀ ਡੇਰਾ ਖਾਲਸਾ।
ਕਰ ਯਾਦ ਤਾਰੂ ਸਿੰਘ ਨੂੰ ਤੇ
ਮਨੀ ਸਿੰਘ ਨੂੰ, ਯਾਦ ਕਰ,
ਮੁੜ ਮੁੜ ਨ ਜਗ ਤੇ ਆਵਣਾ,
ਕਰ ਦਿਲ ਵਡੇਰਾ ਖਾਲਸਾ।
ਜਦ ਵਿਚ ਨੀਹਾਂ ਚਿਣੇ ਸਨ,
ਦਸਮੇਸ ਜੀ ਦੇ ਲਾਲ ਦੋ,
ਕੀ ਓਥੇ ਨਾਲੋਂ ਜੇਹਲ ਦਾ,
ਹੈ ਦੁਖ ਵਧੇਰਾ ਖਾਲਸਾ।
ਸ਼ਾਹ ਬਾਜ਼ ਤੇ ਸਬੇਗ ਸਿੰਘ,
ਜਦ ਚੜ੍ਹੇ ਉਤੇ ਚਰਖੜੀ,

ਕੀ ਮੌਤ ਫਾਂਸੀ ਦਾ ਤਸੀਹਾ,
ਹੈ ਘਨੇਰਾ ਖਾਲਸਾ ।
ਬੇਗ਼ਮ ਪੁਰੇ ਦੇ ਵਾਸੀਓ !
ਬੈਕੁੰਠ ਹੈ ਸਭ ਥਾਉਂ ਤੇ,
ਹੈ 'ਅੰਡੇਮਨ' ਭੀ ਆਪਣਾ
ਨਹੀਂ ਗੈਰ ਡੇਰਾ ਖਾਲਸਾ ।
ਨਹੀਂ ਲਹਿਰ ਰੁਕਦੀ ਫੜ
ਲਿਆ ਜ ਮੰਗਲ ਸਿੰਘ ਨੂੰ,
ਅਣਗਿਣਤ ਸਿੰਘ ਉਡੀਕਦੇ,
ਈਹੋ ਵਸੇਰਾ ਖਾਲਸਾ ।
ਅੰਗ ਅੰਗ ਪੁਰਜ਼ੇ ਕਟਿਆ,
ਵਿਚਜੀਂਦਿਆਂ ਅਗਸਿਟਜਾ,
ਕੀ ਹਟ ਗਿਆ ਸੀ ਓਸ
ਵੇਲੇ ਜੋਸ਼ ਤੇਰਾ ਖਾਲਸਾ ।
ਤੂੰ ਤਦੋਂ ਸਾਬਤ ਰਿਹਾ ਸੀ,
ਹੁਣਨਵੀਂਨਹੀਂਕੋਈਗਲਹੈ,

ਇਕ ਲਿਸ਼ਕ ਤੇਰੇਧਰਮ ਦੀ,
ਮੇਟੂ ਅੰਧੇਰਾ ਖਾਲਸਾ।
(ਸਿਖ ਹਿਰਦਾ)

-+-+-

## ਦਰਦੀ ਵੀਰ

ਜਿਸਦੇ ਸੀਨੇ ਦੇ ਵਿਚ ਕੁਝ ਦਰਦ ਹੋਵੇ,
ਓਹੀ ਪੰਥ ਦੀ ਲੈਂਦਾ ਹੈ ਸਾਰ, ਭਾਈ।
ਬਿਨਾ ਦਰਦ ਦੇ ਕੋਈ ਨਾ ਪੁਛਦਾ ਏ,
ਆਪੂ ਦੇਂਵਦਾ ਐਵੇਂ ਗੁਜਾਰ ਭਾਈ।
ਦਰਦੀ ਦਰਦ ਵਾਲਾ ਕੋਈ ਹੋਇ ਜੇਹੜਾ,
ਸੁਣੇ ਦੁਖੀਆਂ ਸੰਦੀ ਪੁਕਾਰ ਭਾਈ।
ਦਰਦ ਵਾਲਿਆਂ ਬਿਨਾਂ ਮੁਸਾਫਰਾਂ ਦੀ,
ਕੋਈ ਪੁਛਦਾ ਨਹੀਂ ਹੈ ਸਾਰ ਭਾਈ।
[ ਮੁਕੰਦ ਸਿੰਘ ਮੁਸਾਫਰ ਗੁਜਰਖਾਨ ]

-+-+-

## ਬੈਂਤ

ਜ਼ਾਲਮਾਂ ਜ਼ੁਲਮ ਕਰਲੈ ਜਿਨਾ ਦਿਲਚਾਹੇ
ਸਿੰਘਾ ਧਰਮ ਤੋਂ ਚਿਤਭੁਲਾਵਨਾ ਨਹੀਂ।
ਭਾਵੇਂ ਪ੍ਰਿਥਵੀ ਤੇ ਪਰਬਤ ਡੋਲ ਜਾਵਨ,
ਕਦੇ ਖਾਲਸੇ ਦਿਲ ਘਬਰਾਵਨਾ ਨਹੀਂ।
ਭਾਵੇਂ ਲਾਹਿੰਦਿਉਂ ਚੜ੍ਹੇ ਦਿਨੇਸ਼ ਆਕੇ,
ਕਦੇ ਧਰਮ ਤੋਂ ਚਿਤ ਹਿਲਾਵਨਾਂ ਨਹੀਂ।
ਭਾਵੇਂ ਤਾਰਕਾ ਵੀ ਮੰਡਲ ਫਿਰੇ ਪੁਠਾ,
ਕਦੇ ਖਾਲਸੇ ਧਰਮ ਤਜਾਵਨਾ ਨਹੀਂ।
ਪਲਟਾ ਖਾ ਧਰਤੀ ਭਾਵੇਂ ਉਲਟ ਜਾਵੇ,
ਧਰਮੋਂ ਖਾਲਸੇ ਚਿਤ ਉਕਸਾਵਨਾ ਨਹੀਂ।
ਮਨੀ ਸਿੰਘ ਤੇ ਤਾਰੂ ਮ੍ਰਿਗਿੰਦ ਵਾਂਗੂ,
ਮਤੀ ਦਾਸ ਦੇ ਤਾਈਂ ਭੁਲਾਵਨਾ ਨਹੀਂ।
ਪੰਥ ਵਾਂਗ ਪਤੰਗ ਸ਼ਹੀਦ ਹੋਣਾ,
ਕਦੇ ਤੁਸਾਂ ਵੀ ਦੀਵਾ ਜਗਾਵਨਾ ਨਹੀਂ।

231

ਸੂਰਤ ਸਿੰਘ ਵਾਧਾ ਏਹੋਪੰਥ ਅੰਦਰ,
ਸੀਸ ਦੇਕੇ ਤੇ ਪਛੋਂ ਤਾਵਣਾ ਨਹੀਂ।

ਜੇ ਚਾਹੋ ਸਿਖ ਧਰਮ ਪਵਿਤ੍ਰ,
ਝੰਡਾ ਜਗਤ ਝੁਲਾ ਦੇਣਾ।
ਨੀਚ ਉਚ ਦਾ ਭੇਦ ਤੁਹਾਨੂੰ,
ਚਾਹੀਏ ਦਿਲੋਂ ਭੁਲਾ ਦੇਣਾ।
ਜੇ ਚਾਹੋ ਸੁਧਾਰ ਦੇਸ ਦਾ,
ਕਰੋ ਉਧਾਰ ਅਛੂਤਾਂ ਦਾ।
ਨਾਸ ਕਰੋ ਸਭ ਭਾਰਤ ਵਿਚੋਂ,
ਭਰਮ ਵਹਿਮ ਦੇ ਭੂਤਾਂ ਦਾ।
ਜਿਲਦ ੨ ਨੰਃ ੬੧

## ਫੌਜੀ ਵੀਰਾਂ ਅਗੇ ਬੇਨਤੀ

[ਇਕ ਫੌਜੀ ਸਿੰਘ ਵਲੋਂ]

ਫੌਜੀ ਬੀਰ ਬਹਾਦਰੋ ਅਰਜ ਮੇਰੀ,
ਜਰਾ ਸੁਣੋ ਖਾਂ ਨਾਲ ਧਿਆਨ ਵੀਰੋ।

ਬ੍ਰਿਟਸ਼ਰਾਜ ਦੀ ਰਖਿਆ ਕਰਨ ਖਾਤਰ,
ਅਸੀ ਹੋਏ ਅਣਗਿਣਤ ਕੁਰਬਾਨ ਵੀਰੋ।
ਔਕੜ ਬਣੀ ਬ੍ਰਤਾਨੀਆਂ ਰਾਜ ਉਤੇ,
ਅਸੀ ਨਿਤਰੇ ਵਿਚ ਮੈਦਾਨ ਵੀਰੋ।
ਜਰਮਨ ਬੀਰ ਜਾਂ ਪੈਰਸ ਦੇ ਕੋਲ ਪੁਜਾ,
ਕੰਬ ਉਠਿਆ ਇੰਗਲਿਸਤਾਨ ਵੀਰੋ।
ਥੀਏਟਰ ਬੰਦਹੋਏ ਖੁਸ਼ੀਆਂ ਭੁਲ ਗਈਆਂ,
ਦੀਵੇ ਘਰਾਂ ਵਿਚ ਨ ਜਗਾਨ ਵੀਰੋ।
ਤੁਹਾਡੀ ਤੇਗ ਨੇ ਜਾਕੇ ਬੰਨ ਪਾਇਆ,
ਜਰਮਨ ਦਿਤਾ ਨਾ ਅਗੇ ਨੂੰ ਜਾਨ ਵੀਰੋ।
ਧਾਕ ਪਈ ਤੁਹਾਡੜੀ ਤੇਗ ਦੀ ਏ,
ਭੂਮੀ ਫ੍ਰਾਂਸ ਦੀ ਲਹੂ ਲੁਹਾਨ ਵੀਰੋ।
ਫੌਜੀ ਵੀਰਾਂ ਦੀਆਂ ਹਡੀਆਂ ਕਢ ਵੇਖੋ,
ਕਿਲੇ ਬਿਲਜੀਅਮ ਪਾਸ ਨਸ਼ਾਨ ਵੀਰੋ।
ਬ੍ਰਿਟਸ਼ ਰਾਜ ਨੂੰ ਸੇਕ ਨ ਲਗਣ ਦਿਤਾ,
ਵਾਰੀ ਵਾਂਗ ਪਤੰਗਿਆਂ ਜਾਨ ਵੀਰੋ।

ਕਈ ਬੁਢੀਆਂ ਮਾਵਾਂ ਦੇ ਲਾਲ ਮਰਗਏ,
ਰੋ ਰੋ ਅਖੀਆਂ ਪਈਆਂ ਗਵਾਨ ਵੀਰੋ।
ਭੈਣਾਂ ਵੀਰਾਂ ਨੂੰ ਕਈ ਕੁਰਲਾਂਦੀਆਂ ਨੇ,
ਬਚੇ ਬਚੀਆਂ ਕੀਰਨੇ ਪਾਨ ਵੀਰੋ।
ਨਾਰਾਂ ਵਿਧਵਾ ਰੋਂਦੀਆਂ ਵੈਣ ਪਾਕੇ,
ਕਰਾਂ ਉਨਾਂ ਦਾ ਹਾਲ ਕੀ ਬਿਆਨ ਵੀਰੋ।
ਬਚੇ ਸੈਂਕੜੇ ਬਣੇ ਯਤੀਮ ਰੁਲਦੇ,
ਦਰ ਦਰ ਟੁਕੜੇ ਮੰਗ ਕੇ ਖਾਨ ਵੀਰੋ।
ਦੁਖ ਭੁਖ ਨੂੰ ਝਲ ਸ਼ਹੀਦ ਹੋਏ,
ਗਵਰਨਮੈਂਟ ਦਾ ਰਖਿਆ ਸ਼ਾਨ ਵੀਰੋ।
ਹਾਂ, ਏਸਦਾ ਏਹ ਇਨਾਮ ਲਭਾ,
ਰੌਲਟ ਬਿਲ ਨੂੰ ਪਾਸ ਕਰਾਨ ਵੀਰੋ।
ਘਾਣੀ ਲਾਕੇ ਮਾਰਸ਼ਲਲਾ ਵਾਲੀ,
ਸਾਡੇ ਵਤਨ ਨੂੰ ਪੀੜ ਵਿਖਾਨ ਵੀਰੋ।
ਮੇਲੇ ਗਏ ਵਿਸਾਖੀ ਤੇ ਵੀਰ ਪਜਾਰੇ,
ਉਪਰ ਗੋਲੀਆਂ ਮੀਂਹ ਵਰਸਾਨ ਵੀਰੋ।

ਨਾਲ ਟਿਕਟਿਕੀ ਬੰਨ੍ਹਕੇ ਵਾਂਗ ਖੂਨੀ,
ਨਾਲ ਬੈਂਤਾ ਦੇ ਚਿਤੜ ਉਡਾਨ ਵੀਰੋ।

++

ਲਖਾਂ ਯੂਰਪ ਵਿਚ ਜਾ ਸ਼ਹੀਦ ਹੋਏ,
ਮੋਏ ਸੈਂਕੜੇ ਐਥੇ ਜਵਾਨ ਸੋਹਣੇ।
ਫੌਜੀ ਵੀਰਾਂ ਨੇ ਸਬਰ ਦਾ ਘੁਟ ਪੀਤਾ,
ਨ ਹਿਲਾਂਵਦੇ ਇਹ ਜਬਾਨ ਸੋਹਣੇ।
ਮੂੰਹੋਂ ਆਪਣੇ ਹਕ ਭੀ ਵੀ ਮੰਗਦੇ ਨਹੀਂ,
*ਗਿਆਰਾਂ ਵਿਚਹੋਂ ਕਰਨ ਗੁਜਰਾਨ ਸੋਹਣੇ।
ਪੋਸਟ ਮੈਨ ਪਟਵਾਰੀ ਤੇ ਰੇਲ ਵਾਲੇ,
ਹਕਾਂ ਵਾਸਤੇ ਜੋਰ ਸਭ ਲਾਨ ਸੋਹਣੇ।
ਫੌਜੀ ਵੀਰਾਂ ਦੀ ਕੌਣ ਫਰਿਆਦ ਸੁਣਸੀ,
ਜੇਹੜੇ ਹੋਵੰਦੇ ਸਦਾ ਕੁਰਬਾਨ ਸੋਹਣੇ।
ਕਦੋਂ ਤੀਕ ਇਹ ਇਸਤਰ੍ਹਾਂ ਚੁਪ ਰਹਿਸਨ
ਬਦਲੇ*ਯਾਰਾਂ ਦੇ ਵੇਚ ਸਨ ਜਾਨ ਸੋਹਣੇ।

ਹਵਾ ਸਮੇਂ ਦੀ ਅੰਤ ਨੂੰ ਪਹੁੰਚ ਜਾਊ,
ਜ਼ੋਰ ਨਾਲ ਪਏ ਰੋਕ ਰਖਾਨ ਸੋਹਣੇ।
ਚੰਗਾ ਹੋਵੇ ਜੇ ਹਕ ਸ੍ਰਕਾਰ ਦੇਵੇ,
ਗੋਰੇ ਕਾਲੇ ਦਾ ਫਰਕ ਮਿਟਾਨ ਸੋਹਣੇ।

## ਦੁਖੀ ਵੀਰਾਂ ਦੀ ਸਾਰ ਲਵੋ!

(ਵਲੋਂ ਗੁਰਮੁਖ ਸਿੰਘ ਗਜ਼ਾਨੀ)

ਯਾਰੋ ਦੁਖਾਂ ਦਾ ਕਰੋ ਇਲਾਜ ਕੋਈ,
ਸਾਡੇ ਵੀਰ ਪਏ ਦੁਖੜੇ ਝਲਦੇ ਨੇ।
ਅਸੀਂ ਟਬਰਾਂ ਵਿਚ ਬਹਾਰ ਲੈਂਦੇ,
ਉਹ ਬ੍ਰਿਹੋਂ ਦੀ ਅਗ ਵਿਚ ਜਲਦੇ ਨੇ।
ਨਰਮ ਬਿਸਤ੍ਰੇ ਅਸੀਂ ਅਰਾਮ ਕਰਦੇ,
ਉਹ ਭੌਂ ਆਸਣ ਪਏ ਮਲਦੇ ਨੇ।
ਉਠੋ ਜਾਗੋ ਤੇ ਕਰੋ ਉਪਾ ਕੋਈ,
ਦੁਖੀ ਵੀਰ ਸਨੇਹੜੇ ਘਲਦੇ ਨੇ।

ਡਾਢੇ ਦੁਖਾਂ ਵਿਚ ਫਸੇ ਹਨ ਵੀਰ ਸਾਡੇ,
ਸਾਰੇ ਮਿਲਕੇ ਦਰਦ ਵੰਡਾਈਏ ਜੀ।
ਦੁਖੀ ਵੀਰਾਂ ਦੇ ਪਿਆਰਿਆਂ ਬਚਿਆਂ ਨੂੰ,
ਨਾਲ ਪਿਆਰਦੇ ਹਠ ਬਨਾਈਏ ਜੀ।
ਖਰਚ ਪਰਚ ਤੋਂ ਉਹ ਨਾਂ ਤੰਗ ਹੋਵਨ,
ਕੁਝ ਆਪਣਾ ਖਰਚ ਘਟਾਈਏ ਜੀ।
'ਮੁਸਾਫਰ' ਲਖ ਦੀ ਹੋਈ ਅਪੀਲ ਸਾਰੀ,
ਕਈ ਲਖਾਂ ਹੀ ਕਰ ਵਿਖਾਈਏ ਜੀ।

## ਕੁਦਰਤ ਦਾ ਅਸੂਲ

(ਵਲੋਂ ਠਾਕਰ ਸਿੰਘ)

(ਕਬਿਤ)

ਕੋਈ ਕੌਮ ਹਦ ਤੋਂ
ਜਿਆਦਾ ਜੇ ਤਰਕੀ ਕਰੇ,
ਵਿਦਿਆ ਤੇ ਬਲ ਉਹਦਾ
ਰੱਬ ਨੂੰ ਭੁਲਾਉਂਦਾ।

ਜ਼ੁਲਮ ਅਤੇ ਪਾਪ ਕਰੇ
ਮਦ ਮਤੀ ਤਾਕਤਾਂ ਦੀ,
ਜਾਣੇ ਨਾਹੀਂ ਰਬ ਨੂੰ
ਹੰਕਾਰ ਨਹੀਂ ਭਾਵਦਾ।
ਕਖ਼ਾਂ ਤੋਂ ਵੀ ਹੌਲੀ ਕਰ
ਛੇਗੇ ਮੂੰਹ ਭਾਰ ਸਾਈਂ,
ਮਾੜੇ ਭੀ ਤਾਂ ਓਸੇ ਦੇ ਨੇ
ਸਾਈਂ ਜੋ ਸਦਾਂਵਦਾ
ਵਾਹਿਗੁਰੂ ਦਾ ਖਾਸਾ ਰਖੋ
'ਯਾਦ' ਨੀਚੋਂ ਊਚ ਕਰੇ,
ਦੁਖੀ ਹੋਸੀ ਆਪ ਜੋ
ਨਿਤਾਣਿਆਂ ਸਤਾਂਵਦਾ,

++

## ਆਨ ਰਖ ਲੈ

ਦਿਲ ਦਰਦ ਦੇ ਨਾਲ ਭਰਪੂਰ ਹੋਯਾ,
ਹਾਲਤ ਪੰਥ ਦੀ ਡਾਢੀ ਲਚਾਰ ਤਕਕੇ।

ਕਦੀ ਤਖਤ ਤੇ ਹੁਕਮ ਚਲਾਨ ਵਾਲਾ,
ਖਜਲ ਹੋਵੰਦਾ ਸਰੇ ਬਜ਼ਾਰ ਤਕਕੇ ।
ਜਿਸ ਦੇ ਤੇਜ ਥੀਂ ਮਾਤ ਸਨ ਚੰਦ ਸੂਰਜ,
ਦੁਨੀਆਂ ਕੰਬਦੀ ਖੰਡੇ ਦੀ ਧਾਰ ਤਕਕੇ ।
ਧਕੇ ਆਪਣੇ ਘਰਾਂ ਵਿਚ ਪੈਣ ਲਗਪਏ ।
ਉਸੇ ਸ਼ੇਰ ਨੂੰ ਰਤਾ ਬੀਮਾਰ ਤਕਕੇ ।

-+-+-

ਐ ਦਸਮੇਸ ਦੇ ਬੀਰ ਹੁਣ ਦਸਦੇ ਖਾਂ,
ਕਦੋਂ ਤੀਕ ਖੁਆਰੀਆਂ ਸਹੇਂਗਾ ਤੂੰ ।
ਮੋਨ ਧਾਰ ਸਮਾਧੀਆਂ ਲਾ ਬੀਰਾ,
ਆਸ ਗੈਰਾਂ ਦੀ ਰਖਕੇ ਬਹੇਂਗਾ ਤੂੰ ।
ਵਾਂਗ ਮੰਗਤਿਆਂ ਜੀ ਜੀ ਆਖ ਕਰਕੇ,
ਹਕ ਆਪਣੇ ਕਿਸਤਰਾਂ ਲਏਂਗਾ ਤੂੰ ।
ਗਰਜ਼ ਆਪਣੀ ਜੇਕਰ ਤੂੰ ਛਡ ਦਿਤੀ,
ਛਟਾਂ ਸਦਾ ਹੀ ਢੋਂਵਦਾ ਰਹੇਂਗਾ ਤੂੰ ।

-+-+-

239

ਝਾਤੀ ਪਾ ਖਾਂ ਰਤਾ ਇਤਹਾਸ ਵੰਨੇ,
ਹੁੰਦੇ ਸਚ ਤੋਂ ਬੀਰ ਕੁਰਬਾਨ ਕਿਤਨੇ।
ਹਤਕ ਪੰਥ ਦੀ ਕਰੇ ਜੇ ਆਣ ਕੋਈ,
ਛਾਤੀ ਵਜਦੇ ਆਨਕੇ ਬਾਨ ਕਿਤਨੇ।
ਧਰਮ ਆਖਣ ਤੇ ਸਚ ਦੇ ਪੁਤਲੇ ਓ,
ਅਸੀ ਦਸੀਏ ਹੋਰ ਨਿਸ਼ਾਨ ਕਿਤਨੇ।
ਹੋਈ ਹਾਰ ਨ ਕਦੀ ਭੀ ਖਾਲਸੇ ਨੂੰ,
ਖੋਲ ਦਸੀਏ ਸਾਰੇ ਬਿਆਨ ਕਿਤਨੇ।

—:—

ਪਜਾਰੇ ਵੀਰ ਜੀ ਆਓ ਇਕ ਵੇਰ ਰਲਕੇ,
ਗੁਰੂ ਖਾਲਸੇ ਦੀ ਫੇਰ ਆਨ ਰਖਲੋ।
ਕਢੋ ਖੋਟ ਕਮਜ਼ੋਰੀਆਂ ਸਭ ਅਜ ਤੋਂ,
ਹੁੰਦਾ ਜਾਂਵਦਾ ਬਾਗ ਵੈਰਾਨ ਰਖ ਲੌ।
ਜੇਹਲੀਂ ਤੜਫਦੇ ਵੀਰ ਛੁਡਾ ਕਰਕੇ,
ਬੰਦੀ ਛੋੜ ਸਦਾਣ ਦੀ ਸ਼ਾਨ ਰਖ ਲੌ।

ਸਕੇ ਵੀਰ ਬਣਾ ਕੇ ਹਿੰਦੂ ਮੁਸਲਮ,
ਭਾਰਤਵਰਸ਼ ਦੀ ਤੜਫਦੀ ਜਾਨ ਰਖਲੋ।
[ਹੀਰਾ ਸਿੰਘ ਦਰਦ]

++

# ਅੰਜ ਭੌਂਇ ਵੀ ਅਸਾਂ ਨਾ ਝਲਦੀ ਏ !

[ਵਲੋਂ ਸ੍ਰੀ ਮਾਨ ਭਾਈ ਸੁੰਦਰ ਸਿੰਘ ਜੀ ਲਾਇਲਪੁਰੀ]

ਕਦੇ ਸ਼ਾਨ ਗੁਮਾਨ ਅਸਮਾਨ ਖਹਿੰਦੇ,
ਅਜ ਭੌਂਇ ਵੀ ਅਸਾਂ ਨਾ ਝਲਦੀ ਏ।
ਪੱਤਾ ਪੱਤਾ ਵੈਰੀ ਬਣਿਆਂ ਦਿਸਦਾ ਏ,
ਜਿਸਤੇ ਰਾਜ ਸਾਡਾ ਗਲ ਕਲਦੀ ਏ।
ਕਦੀ ਬੰਧੀਆਂ ਅਸੀ ਛੁੜਾਂਵਦੇ ਸਾਂ,
ਬਣੀਂ ਅਸਾਂ ਤੇ ਅਜ ਕੁਵਲ ਦੀਏ।

241

ਜੇਹਲੀਂ ਵੀਰ ਤੜਫਣ ਸੀਨੇ ਤੀਰ ਰੜਕਣ,
ਜਾਂਦੀ ਪੀੜ ਕਲੇਜੜਾ ਸਲਦੀ ਏ ।
ਇਧਰ ਖਾਲਸਾ ਕਾਲਜ ਦਾ ਸਲ ਲਗਾ,
ਢਠੀ ਕੰਧ ਉਧਰ ਗੁਰੂ ਧਾਮ ਦੀ ਏ ।
ਭੁਜੇ ਦਾਣਿਆਂ ਵਾਂਗ ਹਾਂ ਜੰਗ ਅੰਦਰ,
ਆਸ ਰਖਕੇ ਕੁਝ ਇਨਾਮ ਦੀ ਏ ।
ਨੌਕਰ ਸ਼ਾਹੀ ਨੇ ਠੂਠ ਵਿਖਾ ਦਿਤਾ,
ਲੋੜ ਮੁਕ ਗਈ ਜਦੋਂ ਲਾਮ ਦੀ ਏ ।
ਪ੍ਰਾਧੀਨਾਂ ਨੂੰ ਸੁਪਨੇ ਸੁਖ ਕਿਥੇ,
ਮੌਤ ਏਸ ਤੋਂ ਚੰਗੀ ਅਰਾਮ ਦੀ ਏ ।

## ਵੇਖ ਮਰਦਾਨਿਆਂ ਤੂੰ ਰੰਗ ਕਰਤਾਰ ਦੇ !

(ਵਲੋਂ ਭਾ: ਹੀਰਾ ਸਿੰਘ ਜੀ ਦਰਦ ਦਾ ਸੁਪਨਾ)

ਉਠ ਮਰਦਾਨਿਆਂ ਤੂੰ
ਚੁਕ ਲੈ ਰਬਾਬ ਭਾਈ,

# ਵਤਨ

[ਵਲੋਂ ਹੀਰਾ ਸਿੰਘ ਦਰਦ]

ਅਜਬ ਰਸ ਹੈ ਵਤਨ ਦੇ ਨਾਮ ਅੰਦਰ,
ਅਸੀਂ ਵਤਨ ਤੋਂ ਚੋਖਨੇ ਥੀਵੀਏ ਜੀ।
ਖਾਕ ਵਤਨ ਵੀ ਅਸੀਂ ਅਕਸੀਰ ਕਹੀਏ,
ਪਾਣੀ ਮਿਠੜਾ ਅੰਮ੍ਰਿਤ ਪੀਵੀਏ ਜੀ।
ਜੇਕਰ ਵਤਨੋਂ ਕਦੀ ਬੇਵਤਨ ਹੋਈਏ,
ਵਾਂਗ ਮਛਲੀ ਪਏ ਤੜਫੀਏ ਜੀ।
ਸਾਡਾ ਵਤਨ ਭੀ ਕਦੀ ਅਜ਼ਾਦ ਹੁੰਦਾ,
ਲੈ ਲੈ ਵਤਨ ਦਾ ਨਾਮ ਹੀ ਜੀਵੀਏ ਜੀ।

## ਹੁਣ ਗੀਤ ਵਤਨ ਦੇ ਗਾਵਾਂਗੇ,
## ਸਭ ਝਗੜੇ ਹੋਰ ਮਿਟਾਵਾਂਗੇ!

(ਵਲੋਂ ਭਾਈ ਹੀਰਾ ਸਿੰਘ "ਦਰਦ")

ਇਸ ਦੇਸ ਨੂੰ ਲੋਕਾਂ ਗਾਹ ਲਿਆ,
ਹੁਣ ਸਮਾਂ ਬਥੇਰਾ ਵਾਹ ਲਿਆ।

ਅਸਾਂ ਸੁਖ ਦਾ ਕੋਈ ਨ ਸਾਹ ਲਿਆ,
ਹੁਨ ਗਲੋਂ ਪੰਜਾਲੀ ਲਾਵਾਂਗੇ।
ਹੁਨ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।
ਆ ਘਰ ਵਿਚ ਸਾਡੇ ਵਸੇ ਜੀ,
ਅਤੇ ਗਲ ਵਿਚ ਪਾ ਲਏ ਰਸੇ ਜੀ।
ਸਭ ਬੰਨ੍ਹਕੇ ਵਖ ਵਖ ਕਸੇ ਜੀ;
ਹੁਨ ਰਸੇ ਅਸੀ ਤੁੜਾਵਾਂਗੇ।
ਹੁਨ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।
ਅਸੀ ਅਰਜਾਂ ਕਰਦੇ ਹੁਟ ਗਏ,
ਕਿਉਂ ਘਰ ਸਾਡਾ ਤੁਸੀ ਲੁਟ ਗਏ।
ਅਸੀ ਭੁਖ ਨੰਗ ਵਿਚ ਨਿਖੁਟ ਗਏ,
ਅਸੀ ਆਪਨਾ ਆਪ ਛੁਡਾਵਾਂਗੇ।
ਹੁਨ ਗੀਤ ਵਤਨ ਦੇ ਗਾਵਾਂਗੇ,
ਸਭ ਝਗੜੇ ਹੋਰ ਮਿਟਾਵਾਂਗੇ।

ਵੇਖੀਏ ਇਕੇਰਾਂ ਫੇਰ
ਰੰਗ ਸੰਸਾਰ ਦੇ।
ਪੈ ਰਹੀ ਅਵਾਜ ਕੰਨੀ
ਮੇਰੜੇ ਦਰਦ ਵਾਲੀ,
ਆ ਰਹੇ ਸਨੇਹੜੇ ਨੇ
ਡਾਢੇ ਹਾ ਹਾ ਕਾਰ ਦੇ।
ਜੰਗਲਾਂ ਪਹਾੜਾਂ ਵਿਚ
ਵਸਤੀਆਂ ਉਜਾੜਾਂ ਵਿਚ,
ਪੈਣ ਪਏ ਵੈਣ ਵਾਂਗ
ਡਾਢੇ ਦੁਖਿਯਾਰ ਦੇ।
ਚਲ ਇਕ ਵੇਰ ਫੇਰਾ
ਪਾਵੀਏ ਵਤਨ ਵਿਚ,
ਛੇਤੀ ਹੋ ਵਿਖਾਈਏ ਤੈਨੂੰ
ਰੰਗ ਕਰਤਾਰ ਦੇ।
ਵੇਖ ਤੂੰ ਪੰਜਾਬ ਵਿਚ
ਲਹੁ ਦੇ ਤਲਾਬ ਭਰੇ,

243

ਹਸਦੇ ਨੇ ਕੋਈ ਕੋਈ
ਰੋਂਵਦੇ ਪੁਕਾਰ ਦੇ ।
ਕਰਦੇ ਸਲਾਮ ਕਈ
ਰਿੜ੍ਹਦੇ ਨੇ ਢਿਡ ਭਾਰ,
ਵੇਖਦੇ ਤਮਾਸ਼ਾ ਕਈ
ਗੋਲੇ ਸੂਕਾਰ ਦੇ ।
ਤਕ ਤਕ ਗੋਲੀਆਂ
ਚਲਾਂਵਦੇ ਬਿਦੇਸੀਆਂ ਤੇ,
ਬੰਦਿਆਂ ਦੇ ਉਤੇ ਢੰਗ
ਸਿਖਦੇ ਸ਼ਿਕਾਰ ਦੇ ।
ਲਖ ਲਖ ਦੇਂਵਦੇ ਇਨਾਮ
ਨੇ ਸ਼ਿਕਾਰੀਆਂ ਨੂੰ,
ਗੋਲੀਆਂ ਤੋਂ ਬਚੇ ਹੋਏ
ਬਨੂ ਬਨੂ ਮਾਰ ਦੇ ।
ਅਸਾਂ ਨਹੀਂ ਲੈਣੀਆਂ
ਵਧਾਈਆਂ ਹੁਣ ਕਿਸੇ ਪਾਸੋਂ,

ਮੌਲਦੇ ਨ ਫਟ ਜਦੋਂ
ਤੀਕ ਇਹ ਕਟਾਰ ਦੇ।
ਜਦੋਂ ਤੀਕ ਹੋਂਵਦੀ
ਖਲਾਸ ਨਹੀਓਂ ਬੰਦਿਆਂ ਦੀ,
ਜਦੋਂ ਤੀਕ ਹਟਦੇ ਨ
ਢੰਗ ਇਹ ਸ਼ਿਕਾਰਦੇ।
ਜਦੋਂ ਤੀਕ ਤੋਪ ਤੇ ਮਸ਼ੀਨ
ਨ ਤਬਹ ਹੋਵੇ,
ਪਏ ਨ ਨਕੇਲ ਜਦੋਂ
ਤੀਕ ਬੇਮੁਹਾਰ ਦੇ।
ਹੋਵਣਾ ਜਰੂਰ ਮਨਜੂਰ
ਮੇਰੇ ਸਾਂਈ ਜੋਈ,
ਵੇਖ ਮਰਦਾਨਿਆਂ ਤੂੰ
ਰੰਗ ਕਰਤਾਰਦੇ।
ਵੇਖਿਆ ਤਮਾਸ਼ਾ
ਮਰਦਾਨਿਆਂ ਈ ਕਦੀ ਤੁਧ,

ਸੈਰ ਤੁਧ ਕੀਤੇ ਭਾਵੇਂ
ਸਾਰੇ ਸੰਸਾਰ ਦੇ ।
ਅਗ ਲੈਣ ਆਈ ਤੇ
ਸੁਆਣੀ ਬੈਠੀ ਸਾਂਭ ਘਰ,
ਹੁਕਮ ਮਨਾਵੇ ਪੂਰ
ਜ਼ੋਰ ਤਲਵਾਰ ਦੇ ।
ਖਾਵੋ ਪੀਵੋ ਬੋਲੋ ਚਾਲੋ
ਆਵੋ ਜਾਵੋ ਪੁਛ ਪੁਛ,
ਹੁਕਮਾਂ ਨੂੰ ਮੋੜੇ ਕੌਨ
ਡਾਢੀ ਸਰਕਾਰ ਦੇ ।
ਰਬਦੇ ਪਿਆਰੇ ਪਏ
ਗਾਂਵਦੇ ਨੀ ਜੇਹਲਾਂ ਵਿਚ,
ਵੇਖ ਮਰਦਾਨਿਆਂ ਤੂੰ
ਰੰਗ ਕਰਤਾਰ ਦੇ ।
ਇਕ ਪਾਸੇ ਤੋਪ ਤੇ
ਮਸ਼ੀਨ ਬੰਬ ਜੇਹਲ ਫਾਂਸੀ,

ਸੂਰਮੇ ਗੁਲਾਮੀ ਦੇ
ਇਹ ਆਖਦੇ ਨ ਹਾਰਦੇ।
ਸਚ ਤੇ ਨਿਯਾਇ ਝੰਡਾ
ਫੜਕੇ ਸ੍ਵਰਾਜ ਵਾਲਾ,
ਦੂਜੇ ਪਾਸੇ ਸੂਰਮੇਂ
ਅਜ਼ਾਦੀ ਦੇ ਵੰਗਾਰਦੇ।
ਸੂਰਜ ਨੂ ਘੇਰ ਲਿਆ
ਬਦਲਾਂ ਨੇ ਆਣ ਵੇਖੋ,
ਆਖਦੇ ਨੇ ਹੁਣੇ ਏਹਨੂ
ਮਾਰ ਦੇਕੇ ਮਾਰਦੇ।
ਮਾਰ ਲਿਸ਼ਕਾਰੇ ਚੜ੍ਹੇ
ਸੂਰਜ ਅਕਾਸ ਵਿਚ,
ਵੇਖ ਮਰਦਾਨਿਆਂ ਤੂੰ
ਰੰਗ ਕਰਤਾਰਦੇ।
ਵੇਖ ਤਲਵੰਡੀ ਵਿਚ
ਭੰਡੀਆ ਨੀ ਮਚ ਰਹੀਆਂ,

ਹੌਂਡਿਆਂ ਦੇ ਨਾਚ ਵਿਚ
ਮੰਡੀਆਂ ਬਜ਼ਾਰ ਦੇ ।
ਉਠ ਗਈਆਂ ਸਫਾਂ
ਮਰਦਾਨਿਆਂ ਅਸਾਡੀਆਂ ਓ,
ਕੌਣ ਆਕੇ ਕਹੇ ਅਜ
ਹਾਲ ਦਿਲਦਾਰ ਦੇ।
ਜਿਥੇ ਸਚੇ ਸੌਦਿਆਂ ਦੇ
ਕੀਤੇ ਸਤਸੰਗ ਅਸਾਂ,
ਜਿਥੇ ਦਿਨ ਕਟੇ ਅਸਾਂ
ਨਾਲ ਰਾ ਬੁਲਾਰ ਦੇ।
ਓਥੇ ਅਜ ਲਗੀਆਂ
ਛਬੀਲਾਂ ਨੇ ਸ਼ਰਾਬ ਦੀਆਂ,
ਵੇਖ ਮਰਦਾਨਿਆਂ ਤੂੰ
ਰੰਗ ਕਰਤਾਰ ਦੇ ।
ਦਸ ਕੇਹੜੀ ਥਾਂਈ ਪਹਿਲਾਂ
ਚਲੀਏ ਪਿਆਰਿਆ ਵੇ,

ਆਂਵਦੇ ਸੰਦੇਸੇ ਸਭ
ਪਾਸੋਂ ਵਾਂਗ ਤਾਰਦੇ ।
ਚਲੀਏ ਹਜਾਰੀ ਬਾਗ
ਬੀਰ ਰਣਧੀਰ ਪਾਸ,
ਚਕੀਆਂ ਭਿਆਈਏ ਕੋਲ
ਬੈਠ ਸੋਹਣੇ ਯਾਰਦੇ ।
ਚੰਦਨ ਦੇ ਬੂਟੇ ਨੇ
ਮਹਿਕਾਈ ਹੈ ਸੁਗੰਦੀ ਉਥੇ,
ਸੁੰਘ ਲਈਏ ਭੌਰ
ਬਣਫੁਲ ਗੁਲਜ਼ਾਰਦੇ ।
ਅਜ ਇਹ ਹਜ਼ਾਰੀ ਬਾਗ
ਲਖੀ ਤੇ ਕ੍ਰੋੜੀ ਬਾਗ,
ਸਾਈਂ ਦੇ ਪਿਆਰੇ
ਇਹਤਾਂ ਤਨ ਮਨ ਵਾਰਦੇ ।
ਫੇਰ ਅੰਡੇਮਨ ਡੇਰਾ
ਲਾਵੰਦੇ ਪਿਯਾਰਿਆ ਵੇ,

ਸਚ ਦੇ ਪਿਆਰੇ ਜਿਥੇ
ਦੁਖੜੇ ਸਹਾਰਦੇ ।
ਪਿੰਜਰੇ ਦੇ ਵਿਚ ਕੋਈ
ਪੁਛਦਾ ਨਾ ਬਾਤ ਉਥੇ,
ਸਾਈਂ ਨੂੰ ਚਿਤਾਰ ਬੀਰ
ਸਮੇਂ ਨੂੰ ਗੁਜ਼ਾਰ ਦੇ ।
ਛਾਤੀ ਲਾਕੇ ਸਾਰਿਆਂ
ਪਯਾਰਿਆਂਨੂੰ ਇਕ ਵੇਰ,
ਫੇਰ ਜਾ ਜਗਾਈਏ
ਸੁਤੇ ਹੋਏ ਸ਼ੇਰ ਬਾਰ ਦੇ ।
ਖੁਲ ਗਈ ਅਖ ਸ਼ੇਰਾ
ਉਠ ! ਦੀ ਅਵਾਜ਼ ਸੁਣ,
ਸੁਪਨੇ ਵਿਖਾਏ ਡਾਢੇ
ਰੰਗ ਕਰਤਾਰ ਦੇ ।

++

# ਵੇਖ ਮਰਦਾਨਿਆਂ ਰੰਗ ਕਰਤਾਰ ਦੇ !

[ਵਲੋਂ ਵਿਸਮਾਦ]

ਰਾਜਾ ਪਿਆ ਭੁਖਾ ਮਰੇ
ਮੰਗਤਾ ਸੀ ਰਾਜ ਕਰੇ,
ਚੋਰਾਂ ਕੋਲੋਂ ਸ਼ਾਹ ਡਰੇ
ਰੰਗ ਕਰਤਾਰ ਦੇ ।
ਘਰਾਂ ਵਾਲਾ ਪਾਣੀ ਭਰੇ
ਡਾਕੂ ਵਿਚ ਮੌਜ ਕਰੇ,
ਸ਼ੇਰ ਪਿਆ ਘਾਹ ਚਰੇ
ਰੰਗ ਕਰਤਾਰ ਦੇ ।
ਕੂੜ ਵਾਲਾ ਪੇਟ ਭਰੇ
ਸਚ ਵਾਲਾ ਕੈਦ ਮਰੇ,
ਚਾਪਲੂਸ ਖੂਬ ਤਰੇ
ਰੰਗ ਕਰਤਾਰ ਦੇ ।

ਰਾਹੀ ਸਭ ਰਾਜ ਮਲੇ
ਸਾਈਂ ਵਿਚ ਭਾਹ ਚਲੇ
ਘੋੜਿਆਂ ਤੇ ਚੜ੍ਹੇ ਡਲੇ
ਰੰਗ ਕਰਤਾਰ ਦੇ।
ਠਗਾਂ ਮੋਦੀ ਖਾਨੇ ਮਲੇ
ਸੰਤਾਂ ਕੈਦ ਖਾਨੇ ਮਲੇ,
ਮਹਿਲ ਆ ਬਿਗਾਨੇ ਮਲੇ
ਰੰਗ ਕਰਤਾਰ ਦੇ।
ਚੋਰਾਂ ਹੱਥ ਲੜੀ ਪਈ
ਸਾਧਾਂ ਹਥ ਕੜੀ ਪਈ,
ਰਤ ਮਾਂਹ ਝੜੀ ਪਈ
ਰੰਗ ਕਰਤਾਰ ਦੇ।

॥ ਸਮਾਪਤੁ ॥

"ਅਕਾਲ ਪ੍ਰੈਸ" ਅੰਮ੍ਰਿਤਸਰ ਵਿਚ ਭਾਈ ਖੇਮ ਸਿੰਘ ਪ੍ਰਿੰਟ੍ਰ ਦੇ ਯਤਨ ਨਾਲ ਛਪਯਾ।

# ਸੌ ਸਾਖੀ

ਇਹ ਉਹ ਮਸ਼ਹੂਰ ਪੁਸਤਕ ਹੈ ਜਿਸਦਾ ਸਿਖ ਮੰਡਲ ਵਿਚ ਨਾਮ ਹੀ ਨਾਮ ਸੁਣਾਈ ਦਿੰਦਾ ਸੀ ਪਰ ਦਰਸ਼ਨ ਕਿਸੇ ੨ ਨੂੰ ਹੁੰਦਾ ਸੀ ਉਹ ਵੀ ਹਥੀਂ ਲਿਖਤ ਵਰਗਾ, ਅਸਾਂ ਬਹੁਤ ਮੇਹਨਤ ਨਾਲ ਇਸ ਨੂੰ ਢੂੰਡਕੇ ਚੰਗੇ ਕਾਗਜ ਤੇ ਛਪਵਾਈ ਵਿਚ ਛਪਵਾ ਦਿਤਾ ਹੈ ਪੁਸਤਕ ਬਿਲਕੁਲ ਅਸਲੀ ਹੈ ਤੇ ਹਥ ਦੀਆਂ ਲਿਖੀਆਂ ਹੋਈਆਂ ਨਾਲ ਹੂਬਹੂ ਮਿਲਦੀ ਹੈ ਸਾਡੀ ਸਮਝ ਵਿਚ ਇਸ ਤੋਂ ਵਾਂਝੇ ਰੈਹਨਾਂ ਠੀਕ ਨਹੀਂ ਹੈ ਇਸ ਲਈ ਅਜ ਹੀ ਖਤ ਪਾਕੇ ਮੰਗਵਾ ਲਵੋ ਮੁਲ ਜਿਲਦ ਸਮੇਤ ੩)

**ਭਾਈ ਪ੍ਰਤਾਪ ਸਿੰਘ ਸੁੰਦ੍ਰਸਿੰਘ**
ਪੁਸਤਕਾਂ ਵਾਲੇ ਅੰਮ੍ਰਿਤਸਰ

253

## ਵਾਰਾਂ ਭਾਈ ਗੁਰਦਾਸ ਜੀ ਸਟੀਕ

ਅੱਜ ਤੱਕ ਵਾਰਾਂ ਦੇ ਕਈ ਟੀਕੇ ਹੋ ਚੁਕੇ ਹਨ ਪਰ ਸਭ ਵਿੱਚ ਕੋਈ ਨਾ ਕੋਈ ਘਾਟਾ ਰੈਹ ਗਿਆ ਹੈ, ਇਸ ਵਿੱਚ ਅਸਾਂ ਵੱਡੇ੨ ਕੋਸ਼ਾਂ ਦਵਾਰਾ ਪੜਤਾਲ ਕਰਵਾ ਕੇ ਟੀਕਾ ਕਰਵਾਇਆ ਹੈ ਪਦਅਰਥ, ਅਰਥ ਤੇ ਭਾਵ ਅਰਥ ਸਭ ਵੱਖੋ ਵੱਖ ਤੁਕਾਂ ਨੂੰ ਨੰਬ੍ਰ ਦੇਕੇ ਕੀਤੇ ਹਨ, ਕਾਗਜ਼ ਛਪਵਾਈ ਵਧੀਆ ਹੈ, ਦਸਾਂ ਦਸਾਂ ਵਾਰਾਂ ਦੇ ਚਾਰ ਹਿੱਸੇ ਹਨ, ਇਸਦੇ ਟੀਕਾ ਕਾਰ ਗਿਅਨੀ ਬੁਢਾ ਸਿੰਘ ਜੀ ਹਨ, ਆਮ ਕਾਗਜ਼ ਮੋਖ ੪) ਵਧੀਆ ਕਾਗਜ਼ ੫) ਵਾਰਾਂ ਭਾ: ਗੁਰਦਾਸ ਮੂਲ ਵੀ ਛਪਵਾਂਈਆਂ ਹਨ ਜਿਸ ਵਿੱਚ ਇਹ ਵਾਧਾ ਹੈ ਕਿ ਔਖੇ ੨ ਪਦਾਂ ਦੇ ਅਰਥ ਹਰ ਇਕ ਪੱਤ੍ਰੇ ਦੇ ਥਲੇ ਦੇ ਦਿਤੇ ਹਨ ਮੋਖ ੧॥) ਗੁਟਕੇ ਦੀ ਸ਼ਕਲ ਵਿਚ ੧)

ਪ੍ਰਤਾਪ ਸਿੰਘ ਸੁੰਦ੍ਰ ਸਿੰਘ ਅੰਮ੍ਰਿਤਸਰ